ਮਾਰਚ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-6, Issue-8, March 2025, Ludhiana gurmatvirsa@gmail.com Multilingual Price 25/-



## ਅਦੁੱਤੀ ਸਿੱਖ ਜਰਨੈਲ
## ਸਰਦਾਰ ਬਘੇਲ ਸਿੰਘ

## ਚੜ੍ਹਦੀ ਕਲਾ ਦਾ ਪ੍ਰਤੀਕ
## ਹੋਲਾ ਮਹੱਲਾ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




ਕੇਂਦਰ ਬੁਗਰਾ ਦੇ ਨੌਜਵਾਨ ਅਤੇ ਬੱਚਿਆਂ ਨੇ ਕੇਸਾਂ ਦੀ ਸੰਭਾਲ ਕਰਨ ਦਾ ਪ੍ਰਣ ਲਿਆ।



ਕੇਂਦਰ ਬੁਗਰਾ ਦੇ ਵੀਰਾਂ ਅਤੇ ਮਾਤਾਵਾਂ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਘਰ ਘਰ ਜਾ ਕੇ ਸੰਗਤ ਨੂੰ ਸਹਿਜ ਪਾਠ ਕਰਨ ਲਈ ਪ੍ਰੇਰਿਤ ਕੀਤਾ ਗਿਆ।



ਕੇਂਦਰ ਕੁਲਾਰ ਦੇ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਭੁੱਚਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ




ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ



ਕੇਂਦਰ ਰਤਨਗੜ੍ਹ ਸਿੰਧੜਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਸੰਗੀਤ ਕਲਾਸ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਤੁਰਬਨਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

# ਗੁਰਮਤਿ ਵਿਰਸਾ

ਮਾਰਚ 2025 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


### ਫ਼ੱਗਣ-ਚੇਤ ਮਹੀਨੇ ਦੇ ਖਾਸ ਦਿਹਾੜੇ

- ਨਾਨਕਸ਼ਾਹੀ ਸੰਮਤ 553 ਸ਼ੁਰੂ : 1 ਚੇਤ (14 ਮਾਰਚ)
- ਗੁਰਤਾਗੱਦੀ ਪਾਤਸ਼ਾਹੀ 7ਵੀਂ : 1 ਚੇਤ (14 ਮਾਰਚ)
- ਦਿੱਲੀ ਫਤਹਿ ਦਿਵਸ : 2 ਚੇਤ (15 ਮਾਰਚ)
- ਜੋਤੀ ਜੋਤਿ ਪਾਤਸ਼ਾਹੀ ਛੇਵੀਂ : 6 ਚੇਤ (19 ਮਾਰਚ)
- ਸ਼ਹੀਦੀ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ: 12 ਚੇਤ (25 ਮਾਰਚ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਐਜੂ-ਏਡ ਵਿੰਗ
4. ਗੁਰਮਤਿ ਐਲੀਮੈਂਟਰੀ ਕੋਰਸ
5. ਗੁਰਮਤਿ ਟ੍ਰੇਨਿੰਗ ਕੈਂਪ
6. ਗੁਰਮਤਿ ਗਿਆਨ ਲਾਇਬ੍ਰੇਰੀ
7. ਹੋਮਿਓਪੈਥੀ ਡਿਸਪੈਂਸਰੀ
8. ਬੱਚਿਆਂ ਲਈ ਹਫਤਾਵਾਰੀ ਸਮਾਗਮ
9. ਫਰੀ ਮੈਡੀਕਲ ਕੈਂਪ
10. ਗੁਰਮਤਿ ਵਿਰਸਾ ਮੈਗਜ਼ੀਨ
11. ਗੁਰਮਤਿ ਲਿਟਰੇਚਰ ਹਾਊਸ
12. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 6 |
| ਸ਼ਬਦ ਵਿਚਾਰ | 7 |
| ਸਿਮਰੌ ਸ੍ਰੀ ਹਰਿਰਾਏ | 8 |
| ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ | 9 |
| ਅਦੁੱਤੀ ਸਿੱਖ ਜਰਨੈਲ ਸਰਦਾਰ ਬਘੇਲ ਸਿੰਘ | 11 |
| ਜਿਹੜੇ ਚਰਖੜੀਆਂ 'ਤੇ ਚੜ੍ਹੇ, ਭਾਈ ਸੁਬੇਗ ਸਿੰਘ... | 16 |
| ਕੁੰਭ ਤੇ ਹੋਰ ਅਨ-ਮੱਤ ਮੇਲਿਆਂ ਮੌਕੇ ਬਿਖੇਰੀਏ ਗੁਰਮਤਿ... | 18 |
| ਦ੍ਰਿੜ੍ਹ ਨਿਸ਼ਚਾ ਤੇ ਆਤਮ ਵਿਸ਼ਵਾਸ਼ | 20 |
| ਜਾਤ-ਪਾਤ ਦਾ ਜੰਜਾਲ | 21 |
| ਨੰਨੇ ਵਾਰਸ | 22 |
| ਦ੍ਰਿੜ੍ਹਤਾ | 24 |
| ਦਿੱਲੀ ਚਲੋ, ਚਲੋ ਦਿੱਲੀ' ਵਾਲੀ ਸਾਡੀ ਪੁਕਾਰ ਜਦੋਂ ਇਨਕਾਰ... | 25 |
| ਜਦੋਂ ਸਮਝ ਅੱਖਾਂ ਦੇ ਮਾਹਰ ਡਾਕਟਰ 'ਤੇ ਭਾਰੂ ਪਈ!! | 27 |
| ਕੀ ਹੈ 'ਡੀਪਸੀਕ' ਜਿਸ ਨੇ ਅਮਰੀਕਾ ਦੀਆਂ ਸਾਫਟਵੇਅਰ... | 28 |
| ਕਾੜ੍ਹਨੀ ਦਾ ਦੁੱਧ | 30 |
| ਕਾਵਿ ਕਿਆਰੀ | 31 |
| ਅੰਮੜੀ | 32 |
| **गुरू हरिराय साहिब जी** | **33** |
| **बीबी कौलां जी** | **34** |
| Pinnacle of Masculinity Biography of Guru... | 35 |
| ਸਿਹਤ ਸੰਭਾਲ | 37 |
| ਸਾਡੀ ਖੇਤੀ | 38 |
| ਗੁਰਮਤਿ ਸੰਜੋਗ | 40 |
| ਜਨਵਰੀ ਮਹੀਨੇ ਦੀਆਂ ਸਰਗਰਮੀਆਂ | 41 |


### ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸਿੱਖੀ ਦਾ ਦੁਖਦਾਈ ਪਹਿਲੂ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਜਿੱਥੇ ਸੱਚ ਪਰਗਟ ਹੁੰਦਾ ਹੈ ਉਥੇ ਸੱਚ ਦਾ ਪਰਚਾਰ ਕਰਨ ਵਾਲੇ ਵੀ ਪ੍ਰਗਟ ਹੋ ਜਾਂਦੇ ਹਨ। ਸੱਚ ਦਾ ਪ੍ਰਚਾਰ ਕਰਨ ਵਾਲਿਆਂ ਦੀ ਲੋਕਾਂ ਵਿਚ ਪ੍ਰਤਿਭਾ ਵੱਧਣੀ ਸ਼ੁਰੂ ਹੋ ਜਾਂਦੀ ਹੈ। ਲੋਕਾਂ ਵਲੋਂ ਮਿਲੇ ਮਾਣ ਸਨਮਾਨ ਕਰਕੇ ਕੁਦਰਤੀ ਬੰਦਾ ਹੰਕਾਰ ਵਿਚ ਵੀ ਆ ਜਾਂਦਾ ਹੈ। ਅਜੇਹੇ ਪ੍ਰਚਾਰਕ ਸਮਝਣ ਲੱਗ ਜਾਂਦੇ ਹਨ ਕਿ ਇਹ ਸੱਚ ਤਾਂ ਕੇਵਲ ਸਾਡੇ ਆਸਰੇ ਹੀ ਖੜਾ ਹੈ। ਸਾਡੇ ਪ੍ਰਚਾਰ ਕਰਕੇ ਹੀ ਇਸ ਸੱਚ ਦੀ ਵੁਕਤ ਹੋਈ ਹੈ। ਇਸ ਗਲਤ ਫਹਿਮੀ ਕਰਕੇ ਮਨੁੱਖ ਸੱਚ ਨਾਲੋਂ ਵੀ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਜਾਂਦਾ ਹੈ। ਹੌਲੀ ਹੌਲੀ ਸੱਚ ਦਾ ਪ੍ਰਚਾਰ ਕਰਨ ਵਾਲੇ ਸੱਚ ਨੂੰ ਜ਼ਮੀਨ ਵਿਚ ਦੱਬ ਕੇ ਪੱਕੇ ਤੌਰ 'ਤੇ ਸੱਚ ਦੇ ਉਪਰ ਹੀ ਬੈਠ ਜਾਂਦੇ ਹਨ। ਇਹ ਫਿਰ ਆਪਣਾ ਹੀ ਸੱਚ ਬਣਾ ਲੈਂਦੇ ਹਨ।

ਸੋਨਾ ਬਹੁਤ ਮਹਿੰਗੀ ਧਾਤ ਹੈ। ਸਾਰੇ ਲੋਕ ਸੋਨਾ ਖਰੀਦਣ ਦੇ ਸਮਰੱਥ ਨਹੀਂ ਹੁੰਦੇ ਪਰ ਅਮੀਰ ਲੋਕ ਸੋਨੇ ਦੇ ਗਹਿਣੇ ਪਹਿਨ ਕੇ ਲੋਕਾਂ ਨੂੰ ਇਹ ਦਸਣ ਦਾ ਯਤਨ ਕਰਦੇ ਹਨ ਕਿ ਅਸੀਂ ਬਹੁਤ ਅਮੀਰ ਹਾਂ। ਕਈ ਵਿਚਾਰੇ ਸੋਨਾ ਤਾਂ ਖਰੀਦ ਨਹੀਂ ਸਕਦੇ ਪਰ ਇਸ ਝੱਸ ਨੂੰ ਪੂਰਾ ਕਰਨ ਲਈ ਨਕਲੀ ਸੋਨੇ ਦਾ ਆਸਰਾ ਲੈਂਦੇ ਹਨ। ਉਹ ਬਿਲਕੁਲ ਸੋਨੇ ਵਰਗਾ ਹੀ ਝੌਲਾ ਪਉਂਦਾ ਹੈ। ਬੰਦਾ ਸਮਝਦਾ ਹੈ ਕਿ ਸ਼ਾਇਦ ਸੋਨਾ ਪਾਉਣ ਨਾਲ ਹੀ ਸਾਡੀ ਸਮਾਜ ਵਿਚ ਕੋਈ ਵੁਕਤ ਹੋਏਗੀ, ਇਸ ਲਈ ਲੋਕ ਨਕਲੀ ਸੋਨੇ ਦਾ ਸਹਾਰਾ ਲੈਂਦੇ ਹਨ। ਸਾਡੇ ਸਮਾਜ ਵਿਚ ਸੋਨੇ ਦੇ ਗਹਿਣਿਆਂ ਤੋਂ ਮਨੁੱਖ ਦੀ ਹੈਸੀਅਤ ਦਾ ਪਤਾ ਲੱਗਦਾ ਹੈ ਕਿ ਇਹ ਕਿੰਨਾ ਅਮੀਰ ਹੈ ਜਾਂ ਗਰੀਬ ਹੈ। ਜਾਂ ਏਦਾਂ ਕਹੀਏ ਕਿ ਅਸੀਂ ਸੋਨਾ ਪਹਿਨ ਕੇ ਸਮਾਜ ਵਿਚ ਆਪਣੇ ਆਪ ਨੂੰ ਅਮੀਰ ਦਸਣ ਦਾ ਯਤਨ ਕਰ ਰਹੇ ਹਾਂ।

ਜੇ ਜ਼ਰਾ ਕੁ ਗਹੁ ਕਰਕੇ ਦੇਖੀਏ ਤਾਂ ਸਿੱਖ ਕੌਮ ਨਾਲ ਵੀ ਅਜਿਹਾ ਹੀ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪ੍ਰਚਾਰ ਕਰਨ ਦਾ ਦਾਅਵਾ ਕਰਨ ਵਾਲਿਆਂ ਨੇ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਇਸ ਢੰਗ ਨਾਲ ਦੱਬਿਆ ਹੈ ਕਿ ਦੇਖਣ ਸੁਣਨ ਵਾਲਾ ਹੁਣ ਇਹਨਾਂ ਨੂੰ ਹੀ ਅਸਲੀ ਗੁਰੂ ਸਾਹਿਬ ਦੇ ਵਾਰਸ ਸਮਝਣ ਲੱਗ ਪਿਆ ਹੈ। ਇਹਨਾਂ ਸਿੱਖੀ ਦੇ ਪਾਂਡਿਆਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਆਮ ਸਿੱਖ ਦੀ ਦੂਰੀ ਬਹੁਤ ਵਧਾ ਦਿੱਤੀ ਹੈ।

ਸਭ ਤੋਂ ਪਹਿਲੀ ਗੱਲ ਕਿ ਸਿੱਖ ਧਰਮ ਦਾ ਪਰਚਾਰ ਕਰਨ ਦਾ ਦਾਅਵਾ ਕਰਨ ਵਾਲੇ ਬਹੁਤਿਆਂ ਨੂੰ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਤੇ ਬ੍ਰਾਹਮਣੀ ਸਿਧਾਂਤ ਸਬੰਧੀ ਕੋਈ ਬਹੁਤੀ ਜਾਣਕਾਰੀ ਨਹੀਂ ਹੈ। ਆਪਣੇ ਆਪ ਵਲੋਂ ਤਾਂ ਉਹ ਸਿੱਖ ਧਰਮ ਦਾ ਹੀ ਪ੍ਰਚਾਰ ਕਰ ਰਹੇ ਹਨ ਪਰ ਉਹ ਵਿਚਲੇ ਫਰਕ ਨੂੰ ਸਮਝਣ ਲਈ ਤਿਆਰ ਨਹੀਂ ਹਨ। ਜੇ ਜਾਣਕਾਰੀ ਹੈ ਤਾਂ ਉਸ ਦੀ ਉਹ ਵਰਤੋਂ ਨਹੀਂ ਕਰਦੇ ਕਿਉਂਕਿ ਉਹਨਾਂ ਦੀ ਦੁਕਾਨ ਬੰਦ ਹੁੰਦੀ ਹੈ। ਆਪਣੇ ਵਲੋਂ ਤਾਂ ਉਹ ਸਿੱਖੀ ਦਾ ਪ੍ਰਚਾਰ ਹੀ ਕਰ ਰਹੇ ਹਨ ਪਰ ਉਹ ਸਾਰੀਆਂ ਮਨਘੜਤ ਕਹਾਣੀਆਂ, ਮਰ ਚੁੱਕੇ ਸਾਧਾਂ ਦੀਆਂ ਹੀ ਸੁਣਾਉਂਦੇ ਹਨ। ਇਹ ਪ੍ਰਚਾਰਕ ਆਲੇ ਦੁਅਲਿਓਂ ਘੁਮਾ ਫਿਰਾ ਕੇ ਆਪਣੇ ਬਾਬੇ ਦੀ ਮਹਿਮਾ ਹੀ ਪੇਸ਼ ਕਰਦੇ ਹਨ। ਜਨਮ ਮਰਨ, ਧਰਮ ਦਾ ਲੇਖਾ ਪੁੱਛਣਾ, ਨਰਕ ਸਵਰਗ ਦਾ ਪੂਰਾ ਡਰ ਪੈਦਾ ਕਰਨ ਵਾਲੀਆਂ ਬਨਾਉਟੀ ਕਹਾਣੀਆਂ ਸੁਣਾਉਂਦੇ ਹਨ। ਇਹ ਗੁਰਬਾਣੀ ਦੇ ਨਿਵੇਕਲੇ ਸਿਧਾਂਤ ਨੂੰ ਮਹਾਂਭਾਰਤ ਜਾਂ ਰਮਾਇਣ ਵਾਂਗ ਪੇਸ਼ ਕਰਨ ਨੂੰ ਸਹੀ ਸਮਝਦੇ ਹਨ। ਏਦਾਂ ਕਹੀਏ ਕਿ ਇਹ ਗਪੌੜਾਂ ਨੂੰ ਹੀ ਪਹਿਲ ਦੇਂਦੇ ਹਨ।

ਸਿੱਖੀ ਵਿਚ ਸਭ ਤੋਂ ਵੱਧ ਗੈਰ ਕੁਦਰਤੀ ਵਿਚਾਰ ਨਾਨਕਸਰ ਵਾਲਿਆਂ ਨੇ ਘਸੋੜੀ ਹੈ। ਕਿੱਡਾ ਵੱਡਾ ਝੂਠ ਹੈ ਜੋ ਲੋਕ ਸੁਣਨ ਜਾ ਰਹੇ ਹਨ—ਜਿਹੜੇ ਵੀਰ ਹਮੇਸ਼ਾਂ ਕਹਿੰਦੇ ਨੇ ਕਿ ਬਾਬਾ ਨੰਦ ਸਿੰਘ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਸਾਡੇ ਬਾਬੇ ਦੀ ਸੇਵਾ ਤੋਂ ਖੁਸ਼ ਹੋ ਸਾਡੇ ਬਾਬਾ ਜੀ ਨੂੰ ਦਰਸ਼ਨ ਦਿੱਤੇ ਕੀ ਉਹ ਲੋਕ ਦੱਸਣਗੇ ਕਿ ਬਾਬਾ ਨੰਦ ਸਿੰਘ ਨੇ ਗੁਰੂ ਨਾਨਕ ਸਾਹਿਬ ਦੀ ਕਿਹੜੀ ਸਿੱਖਿਆ ਤੇ ਅਮਲ ਕੀਤਾ ਹੈ? ਇਹ ਤੇ ਇਸ ਤਰ੍ਹਾਂ ਹੈ ਕਿ ਜਿਵੇਂ ਗੁਰੂ ਨਾਨਕ ਸਾਹਿਬ ਜੀ ਸਾਰੀ ਮਨੁੱਖਤਾ ਨੂੰ ਛੱਡ ਕਿ ਸਪੈਸ਼ਲ ਬਾਬਾ ਨੰਦ ਸਿੰਘ ਨੂੰ ਦਰਸ਼ਨ ਦੇਣ ਆਏ ਹੋਣ? ਪਰ ਗੁਰਬਾਣੀ ਦਾ ਵਾਕ ਤਾਂ ਸਾਨੂੰ ਕੁਝ ਹੋਰ ਸਮਝਾ ਰਿਹਾ ਹੈ ਕਿ ਕੇਵਲ ਦਰਸ਼ਨਾਂ ਨਾਲ ਮਨੁੱਖ ਨੂੰ ਸਿੱਖਿਆ ਨਹੀਂ ਆ ਸਕਦੀ—ਜੇਹਾ ਕਿ

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**
**ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥**
**ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥**
**ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥**
**(594)**

ਗੁਰਬਾਣੀ ਦਾ ਤਾਂ ਇਲਾਹੀ ਫੁਰਮਾਣ ਹੈ-

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ (293)**

ਅਤੇ

**ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ (1372)**

ਸਿੱਖੀ ਦੇ ਨਾਂ ਹੇਠ ਇਹਨਾਂ ਡੇਰੇ ਵਾਲਿਆਂ ਨੇ ਸਿੱਖੀ ਵਿਚਾਰਧਾਰਾ ਦੇ ਖਿਲਾਫ ਕੀਤੇ ਕੰਮ—

1. ਕਿਰਤ ਨਾ ਕਰਨਾ—– ਵਿਹਲੇ ਰਹਿ ਕੇ ਕੇਵਲ ਭਜਨ ਬੰਦਗੀ ਹੀ ਕਰਨੀ।

2. ਗ੍ਰਿਹਸਤ ਤੋਂ ਭਗੌੜੇ ਹੋਣਾ ਅਖੇ ਜੀ ਵਿਆਹ ਕੀਤਿਆਂ ਸਾਡੀ ਭਜਨ ਬੰਦਗੀ ਵਿਚ ਵਿਘਨ ਪੈਂਦਾ ਹੈ।

3. ਮਾਲ਼ਾ ਫੇਰਨੀਆਂ ਧਰਮ ਦਾ ਸਭ ਤੋਂ ਵੱਡਾ ਕਰਮ ਮੰਨ ਕੇ ਤੇ ਸ਼ਬਦ ਦੀ ਵਿਚਾਰ ਤੋਂ ਪੂਰੀ ਤਰ੍ਹਾਂ ਪਾਸਾ ਵੱਟਣਾ।

4. ਆਪਣੇ ਅਧੀਨ ਚੱਲਣ ਵਾਲੇ ਅਦਾਰਿਆਂ ਦੇ ਨਾਮ ਗੁਰਦੁਆਰੇ ਨਾ ਰੱਖ ਕੇ, ਡੇਰੇ, ਠਾਠ, ਭੋਰੇ ਅਤੇ ਟਿਕਾਣੇ ਪ੍ਰਚੱਲਤ ਕਰਨੇ।

5. ਸ਼ਬਦ ਦੀ ਵਿਚਾਰ ਛੱਡ ਕੇ ਗਿਣਤੀਆਂ ਮਿਣਤੀਆਂ ਨਾਲ ਗੁਰਬਾਣੀ ਪੜ੍ਹਨੀ। ਕਈ ਥਾਂਈ ਮੰਤਰਾਂ ਵਾਂਗ ਪਾਠ ਕਰਨਾ, ਸੰਪਟ ਪਾਠ ਦਾ ਮਹਾਤਮ ਤੇ ਹੋਰ ਕਈ ਕਿਸਮਾਂ ਦੇ ਪਾਠਾਂ ਵਿਚ ਕੌਮ ਨੂੰ ਉਲ਼ਝਾਉਣਾ। ਗੁਰਬਾਣੀ ਦੇ ਅਰਥ ਸਨਾਤਨੀ ਮਤ ਅਨੁਸਾਰ ਕਰਨੇ। ਇਤਿਹਾਸ ਦੀ ਥਾਂ 'ਤੇ ਆਪਣੇ ਮਰ ਚੁਕੇ ਸਾਧਾਂ ਦੀਆਂ ਮਨਘੜਤ ਕਹਾਣੀਆਂ ਸਨਾਉਣੀਆਂ ਇਹਨਾਂ ਦਾ ਮਨ ਭਾਉਂਦਾ ਸ਼ੌਂਕ ਹੈ।

6. ਸਿੱਖ ਸਿਧਾਂਤ ਤੇ ਬੜੀ ਗਹਿਰੀ ਚੋਟ ਕਰਦਿਆਂ ਨਿਸ਼ਾਨ ਸਾਹਿਬ, (ਝੰਡਾ) ਤੇ ਨਗਾਰੇ ਤੋਂ ਕਿਨਾਰਾ ਕਰਨਾ।

7. ਲੰਗਰ ਦੀ ਮਰਿਯਾਦਾ ਤੋਂ ਮੁਨਕਰ ਹੋਣਾ। ਕਿਹੜਾ ਭਾਂਡੇ ਇਕੱਠੇ

ਕਰਦਾ ਫਿਰੇ ਕਿਹੜਾ ਜੱਭ ਨੂੰ ਫੜਿਆ ਰਹੇ। ਘਰੋਂ ਲੰਗਰ ਬਣਾ ਲਿਆਓ ਤੇ ਏੱਥੇ ਆ ਕੇ ਖਾ ਲਓ।

8. ਸੰਗਤਾਂ ਦੇ ਪੈਸਿਆਂ ਨਾਲ ਬਣਾਈਆਂ ਜਾਇਦਾਦਾਂ ਨੂੰ ਪੱਕੇ ਤੌਰ 'ਤੇ ਆਪਣੇ ਨਾਂ ਕਰਨਾ। ਜਦੋਂ ਵੱਡੇ ਮਹਾਂਪੁਰਸ਼ਾਂ ਦੀ ਕ੍ਰਿਪਾ ਹੋਈ ਹੈ ਜੀ ਸੰਗਤ ਦਾ ਕੀ ਨਾਕਾ ਦੇਕਾ ਹੈ।

9. ਲੋਕ ਬੋਲੀਆਂ ਜਾਂ ਆਪ ਰਚੀਆਂ ਕੱਚੀਆਂ ਪਿੱਲੀਆਂ ਧਾਰਨਾ ਨੂੰ ਗੁਰਬਾਣੀ ਕੀਰਤਨ ਕਹਿਣਾ। ਜਦੋਂ ਲੋਕ ਸੁਣਦੇ ਆ ਤੁਹਾਡਾ ਢਿੱਡ ਦੁੱਖਦਾ ਹੈ।

10. ਗੁਜ਼ਰ ਚੁੱਕੇ ਸਾਧਾਂ ਦੀਆਂ ਵਰਤੀਆਂ ਚੀਜ਼ਾਂ ਨੂੰ ਮੱਥੇ ਟਿਕਾਉਣੇ। ਜਦੋਂ ਲੋਕ ਏਦਾਂ ਦੇ ਹੋ ਜਾਣ ਓਦੋਂ ਸੌਖਿਆ ਲੁੱਟਿਆ ਜਾ ਸਕਦਾ ਹੈ।

11. ਗੈਰਤਮੰਦ ਨੌਜਵਾਨਾਂ ਤਿਆਰ ਕਰਨ ਦੀ ਥਾਂ 'ਤੇ ਗੁਲਾਮ ਜ਼ਹਿਨੀਅਤ ਵਾਲੇ ਜੀ ਹਜ਼ੂਰੀਏ, ਟੁਕੜਬੋਚ, ਗਿਆਨ ਤੋਂ ਕੋਰੇ ਤੇ ਵਿਹਲੜਾਂ ਦੀਆਂ ਧਾੜਾਂ ਖੜੀਆਂ ਕਰਨੀਆਂ ਤੇ ਇਹਨਾਂ ਨੂੰ ਗ੍ਰੰਥੀ ਥਾਪਣਾ। ਇਹ ਇਹਨਾਂ ਦਾ ਮੁੱਢਲਾ ਮਨੋਰਥ ਹੈ।

12. ਪੁੱਤਰਾਂ ਦੇ ਵਰ ਦੇਣੇ ਜਾਂ ਹੋਰ ਕਈ ਪਰਕਾਰ ਦੀ ਸੁੱਖ ਸਹੂਲਤਾਂ ਦਾ ਲਾਰਾ ਲਗਾ ਕੇ ਵਰ ਪ੍ਰਾਪਤੀ ਲਈ ਅਰਦਾਸਾਂ ਕਰਨੀਆਂ।

13. ਸਭ ਤੋਂ ਅਹਿਮ ਨੀਚ ਕਰਮ ਕਿ ਜਿਹੜੇ ਕਰਮ-ਕਾਂਡ ਗੁਰਬਾਣੀ ਨੇ ਨਿਕਾਰੇ ਹਨ ਉਹਨਾਂ ਥੋਥੇ ਕਰਮਕਾਂਡਾਂ ਨੂੰ ਸਿੱਖੀ ਵਿਚ ਜ਼ੋਰ ਸ਼ੋਰ ਨਾਲ ਲਾਗੂ ਕਰਉਣਾ ਇਹਨਾਂ ਦਾ ਮੁੱਖ ਏਜੰਡਾ ਹੈ।

15. ਸਰਕਾਰੀ ਵਧੀਕੀ ਸਬੰਧੀ ਕਦੇ ਵੀ ਆਪਣੀ ਜ਼ਬਾਨ ਤੋਂ ਵਿਰੋਧ ਨਹੀਂ ਕਰਨਾ। ਏੱਥੋਂ ਤੀਕ ਆਪਣੇ ਚੇਲਿਆਂ ਨੂੰ ਵੀ ਪੂਰੀ ਤਗੀਦ ਕੀਤੀ ਹੁੰਦੀ ਹੈ ਕਿ ਕਦੇ ਅਜੇਹੇ ਮਸਲੇ ਤੇ ਸਿੱਖੀ ਦਾ ਪੱਖ ਨਹੀਂ ਪੇਸ਼ ਕਰਨਾ ਸਗੋਂ ਭਗਤੀ ਤੇ ਹੀ ਜ਼ੋਰ ਦੇਣਾ ਹੈ।

15. ਚਿੱਟੇ ਲਿਬਾਸ ਨੂੰ ਪਹਿਲ ਦੇਣੀ ਤੇ ਇਹ ਦੱਸਣਾ ਕਿ ਸਾਡੇ ਬਾਬਿਆਂ ਦਾ ਸਿੱਖੀ ਨਾਲੋਂ ਮਤ ਵੱਖਰਾ ਹੈ। ਪੂਰੀ ਦਸਤਾਰ ਛੱਡ ਕੇ ਚਿੱਟੇ ਰੰਗ ਦੀਆਂ ਪਟਕੀਆਂ ਬੰਨਣੀਆਂ ਅਖੇ ਸੰਤ ਬਾਬੇ ਮਹਾਂਪੁਰਸ਼ ਸਦਾ ਸਾਦਗੀ ਵਿਚ ਰਹਿੰਦੇ ਹਨ। ਪਿੱਛੋ ਗਿੱਚੀ ਸਾਰੀ ਨੰਗੀ ਹੁੰਦੀ ਹੈ। ਚੰਗੇ ਭਲੀਆਂ ਜੁੱਤੀਆਂ ਦਾ ਤਿਆਗ ਕਰਕੇ ਖੜਾਵਾਂ ਨਾਲ ਤੁਰਨਾ ਵੱਡੇ ਮਹਾਂ ਪੁਰਸ਼ਾਂ ਦੀਆਂ ਨਿਸ਼ਾਨੀਆਂ ਹਨ।

16. ਸਿੰਘ, ਭਾਈ, ਖਾਲਸਾ ਤੇ ਸਰਦਾਰੀ ਵਰਗੇ ਸ਼ਬਦਾਂ ਦਾ ਤਿਆਗ ਕਰਕੇ ਅਨਪੜ੍ਹ ਬਾਬੇ ਆਪਣੇ ਆਪ ਨੂੰ ਬ੍ਰਹਮ ਗਿਆਨੀ, ਮਹਾਂਪੁਰਸ਼, ਬਾਬਾ ਜੀ ਤੇ ਸੰਤ ਮਹਾਰਾਜ ਜੀ ਅਖਵਾਉਣਾ ਪਸੰਦ ਕਰਦੇ ਹਨ।

17. ਸਿੱਖ ਰਹਿਤ ਮਰਿਯਾਦਾ ਦਾ ਮੁਕੰਮਲ ਤਿਆਗ ਕਰਦਿਆਂ ਆਪਣੀ ਮਰਜ਼ੀ ਦੀ ਅਰਦਾਸ ਤਿਆਰ ਕਰਨੀ, ਦਸੋ ਇਹ ਕਿਧਰ ਦੀ ਸਿੱਖੀ ਹੈ।

18. ਪਿੱਛੇ ਲੰਮੇਰੇ ਸਮੇਂ ਤੋਂ ਮਾਸ ਦਾ ਬੇ-ਲੋੜਾ ਮਸਲਾ ਖੜਾ ਕਰਕੇ ਪੰਥ ਵਿਚ ਦੁਬਿਧਾ ਖੜੀ ਕਰਨੀ, ਇਹ ਹਰ ਸਿੱਖ ਨੂੰ ਏਨਾ ਕੁ ਹੱਕ ਤਾਂ ਹੈ ਕਿ ਪੁੱਛਿਆ ਜਾਏ ਕਿ ਕੀ ਇਹ ਗੁਰਮਤਿ ਹੈ ?

ਭਾਰਤ ਵਿਚ ਖਾਸ ਕਿਸਮ ਦੇ ਪਹਿਰਾਵੇ ਨੂੰ ਬਹੁਤ ਮਾਨਤਾ ਦਿੱਤੀ ਗਈ ਹੈ। ਕੋਈ ਨੰਗ-ਮਨੰਗ ਹੋ ਕੇ ਸ਼ਰੇਆਮ ਫਿਰ ਰਿਹਾ ਹੈ ਲੋਕ ਉਸ ਦੀ ਵੀ ਪੂਜਾ ਕਰ ਰਹੇ ਹਨ ਸਾਡੇ ਸਿੱਖੀ ਵਿਚ ਲੱਤਾਂ ਨੰਗੀਆਂ ਵਾਲਿਆਂ ਦੀ ਪੂਰੀ ਚੜ੍ਹਤ ਹੈ-ਗੁਰਵਾਣੀ ਵਾਕ ਲਓ—

**ਨਗਨ ਫਿਰਤ ਜੌ ਪਾਈਐ ਜੋਗੁ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥**
**ਕਿਆ ਨਾਗੇ ਕਿਆ ਬਾਧੇ ਚਾਮ॥**
**ਜਬ ਨਹੀ ਚੀਨਸਿ ਆਤਮ ਰਾਮ॥ (324)**

ਅੱਜ ਸਿੱਖੀ ਵਿਚ ਪਹਿਰਾਵੇ ਕਰਕੇ ਲੋਕ ਸਮਝਦੇ ਹਨ ਸ਼ਾਇਦ ਇਹ ਹੀ ਅਸਲੀ ਸੰਤ ਹਨ। ਏਦਾਂ ਕਿਹਾ ਜਾਏ ਕਿ ਇਹਨਾਂ ਆਪੇ ਬਣੇ ਸਾਧਾਂ ਨੇ ਆਪਣੇ ਆਪ ਨੂੰ ਪੂਰਾ ਸਥਾਪਿਤ ਕਰ ਲਿਆ ਹੈ। ਜਿਹੜੇ ਬੰਦੇ ਨੇ ਸਾਰੀ ਜ਼ਿੰਦਗੀ ਸਿਰ ਮੁਨਾ ਰੱਖਿਆ, ਦਾੜੀ ਕਟਦਾ ਰਿਹਾ ਹੋਵੇ ਉਹ ਕੌਮ ਦਾ ਬ੍ਰਹਮ ਗਿਆਨੀ। ਮੀਡੀਏ ਨੇ ਇਸ ਢੰਗ ਨਾਲ ਪ੍ਰਚਾਰ ਕੀਤਾ ਕੇ ਲੋਕਾਂ ਨੇ ਅਜੇਹੇ ਲੋਕਾਂ ਨੂੰ ਵੀ ਗੁਰੂ ਦੀ ਪੱਧਰ ਤੇ ਲਿਆ ਕੇ ਸਥਾਪਿਤ ਕਰ ਦਿੱਤਾ ਹੈ।

**ਦੁਖਦਾਈ ਪਹਿਲੂ**

ਕਹਿੰਦੇ ਨੇ ਇਕ ਲੱਕੜਹਾਰੇ ਨੇ ਇਕ ਦਰੱਖਤ ਦੀ ਮਜ਼ਬੂਤ ਟਾਹਣੀ ਕੱਟ ਦਿੱਤੀ ਤਾਂ ਛੋਟਾ ਦਰੱਖਤ ਵੱਡੇ ਦਰੱਖਤ ਕੋਲ ਗਿਆ ਤੇ ਉਸ ਨੇ ਵੱਡੇ ਦਰੱਖਤ ਨੂੰ ਅੱਜ ਦੀ ਹੋਈ ਬੀਤੀ ਸਾਰੀ ਕਹਾਣੀ ਸੁਣਾਈ। ਵੱਡੇ ਦਰੱਖਤ ਨੇ ਕਿਹਾ, ਕਿ "ਕੋਈ ਗੱਲ ਨਹੀਂ ਇੰਤਜ਼ਾਰ ਕਰੋ ਉਹ ਅਜੇ ਸਾਡਾ ਕੁਝ ਨਹੀਂ ਵਿਗਾੜ ਸਕਦਾ"। ਕੁਝ ਦਿਨ ਲੰਘੇ ਸਨ ਤਾਂ ਕੱਟੀ ਹੋਈ ਮਜ਼ਬੂਤ ਟਾਹਣੀ ਦਾ ਲਕੜਹਾਰੇ ਨੇ ਦਸਤਾ ਬਣਾ ਕੇ ਆਪਣੇ ਕੁਹਾੜੇ ਵਿਚ ਫਿੱਟ ਕਰ ਦਿੱਤਾ। ਛੋਟਾ ਦਰੱਖਤ ਫਿਰ ਵੱਡੇ ਦਰੱਖਤ ਪਾਸ ਗਿਆ, ਕਿ "ਵੱਡੇ ਵੀਰ ਲਕੜਹਾਰੇ ਨੇ ਟਾਹਣੀ ਦਾ ਦਸਤਾ ਬਣਾ ਕਿ ਆਪਣੇ ਕੁਹਾੜੇ ਵਿਚ ਫਿੱਟ ਕਰ ਦਿੱਤਾ ਹੈ"। ਵੱਡੇ ਦਰੱਖਤ ਨੇ ਆਪਣੇ ਮੱਥੇ ਉੱਤੇ ਹੱਥ ਮਾਰਿਆ ਤੇ ਇਕ ਵੱਡਾ ਸਾਰਾ ਹਉਕਾ ਲੈ ਕੇ ਕਿਹਾ, "ਛੋਟੇ ਵੀਰ ਹੁਣ ਸਾਨੂੰ ਕੋਈ ਨਹੀਂ ਬਚਾ ਸਕਦਾ ਕਿਉਂ ਕਿ ਸਾਡਾ ਇਕ ਭਾਈ ਲਕੜਹਾਰੇ ਨਾਲ ਮਿਲ ਗਿਆ ਹੈ"। ਏਹੀ ਹਾਲ ਸਿੱਖ ਸਿਧਾਂਤ ਨਾਲ ਹੋਇਆ ਹੈ ਹੁਣ ਕੌਮ ਨੂੰ ਕੌਣ ਬਚਾ ਸਕਦਾ ਹੈ ਜੇ ਕੌਮ ਦੇ ਆਗੂ ਹੀ ਅਜੇਹਿਆਂ ਡੇਰਿਆਂ ਦੇ ਹਾਜ਼ਰੀ ਭਰਨਗੇ।

ਇਹਨਾਂ ਡੇਰਿਆਂ ਨੂੰ ਸਥਾਪਿਤ ਕਰਨ ਲਈ ਸਭ ਤੋਂ ਵੱਡਾ ਯੋਗਦਾਨ ਸਾਡੇ ਨੇਤਾਜਨ ਅਤੇ ਧਾਰਮਿਕ ਉੱਚ ਅਹੁਦਿਆਂ ਤੇ ਬੈਠੇ ਸਿੰਘ ਸਾਹਿਬਾਨਾਂ ਦਾ ਹੈ। ਲੀਹੋਂ ਲੱਥੇ ਸਾਧਾਂ ਦੇ ਡੇਰਿਆਂ ਤੇ ਜਾਣਗੇ ਤਾਂ ਦਸੋਂ ਫਿਰ ਕੌਮ ਦਾ ਕੌਣ ਰਾਖਾ ਹੋ ਸਕਦਾ ਹੈ। ਭਾਈ ਗੁਰਦਾਸ ਜੀ ਦਾ ਵਾਕ ਹੈ—

**ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ।**
**ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।**
**ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ।**
**ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।**
**ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।**

**(ਵਾਰ-35, ਪਉੜੀ-22)**

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਜੇ ਮਾਂ ਹੀ ਆਪਣੇ ਪੁੱਤ ਨੂੰ ਜ਼ਹਿਰ ਦੇਣ ਲੱਗ ਜਾਏ ਤਾਂ ਦੱਸੋ ਉਸ ਪੁੱਤ ਦਾ ਰਾਖਾ ਕੌਣ ਹੋ ਸਕਦਾ ਹੈ? ਜੇ ਰਾਖਾ ਹੀ ਘਰ ਨੂੰ ਭੰਨਣ ਲੱਗ ਜਾਏ ਤਾਂ ਉਸ ਦੀ ਰੱਖਿਆ ਕੌਣ ਕਰੇਗਾ। ਜੇ ਮਲਾਹ ਹੀ ਬੇੜੀ ਡੋਬਣ ਤੇ ਆਵੇ ਤਾਂ ਕਿਵੇਂ ਪਾਰ ਉਤਾਰਾ ਹੋ ਸਕਦਾ ਹੈ। ਆਗੂ ਰਾਹ ਦੱਸਣ ਵਾਲਾ ਹੀ ਉਜਾੜ ਵਿਚ ਲੈ ਜਾਏ ਤਾਂ ਫਿਰ ਕਿਸ ਦੇ ਅੱਗੇ ਹਾਲ ਪਾਹਰਿਆ ਕੀਤੀ ਜਾ ਸਕਦੀ ਹੈ। ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਜਾਏ ਤਾਂ ਫਿਰ ਤਾ ਬਚਾ ਕੋਈ ਨਹੀਂ ਕਰ ਸਕਦਾ।

ਸਭ ਤੋਂ ਵੱਡਾ ਦੁਖਦਾਈ ਪਹਿਲੂ ਇਹ ਹੈ ਸਾਡੇ ਨੇਤਾ ਜਨਾਂ ਨੇ ਹੀ ਸਿੱਖ ਸਿਧਾਂਤ 'ਤੇ ਪਹਿਰਾ ਦੇਣਾ ਸੀ ਉਹ ਹੀ ਉਹਨਾਂ ਡੇਰਿਆਂ 'ਤੇ ਜਾ ਕੇ ਹਾਜ਼ਰੀ ਭਰਦੇ ਹਨ ਤਾਂ ਫਿਰ ਕੌਮ ਦਾ ਰਾਖਾ ਕੌਣ ਹੋ ਸਕਦਾ ਹੈ। ਸਾਡੇ ਨਾਮਵਰ ਆਗੂ ਇਹਨਾਂ ਡੇਰਿਆਂ 'ਤੇ ਸੰਪਟ ਪਾਠ ਕਰਾ ਰਹੇ ਹਨ ਜਾਂ ਇਹਨਾਂ ਡੇਰਿਆਂ ਤੋਂ ਪਾਠੀ ਲਿਆ ਕੇ ਘਰ ਸੰਪਟ ਪਾਠ ਕਰਾ ਰਹੇ ਹਨ।

ਸਾਡੀ ਜਾਤੀ ਤੌਰ 'ਤੇ ਇਹਨਾਂ ਨਾਲ ਕੋਈ ਵਿਰੋਧਤਾ ਨਹੀਂ ਹੈ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਅਨੁਸਾਰ ਮਨੁੱਖਤਾ ਦੇ ਤਲ 'ਤੇ ਅਸੀਂ ਸਭ ਦਾ ਸਤਕਾਰ ਕਰਦੇ ਹਾਂ। ਇਕ ਦੂਜੇ ਦੇ ਦੁੱਖ ਦਰਦ ਵਿਚ ਸ਼ਾਮਿਲ ਵੀ ਹੁੰਦੇ ਹਾਂ। ਇਹ ਤੇ ਵਿਚਾਰਾਂ ਦਾ ਮਤ ਭੇਦ ਹੈ। ਸਾਡਾ ਤਾਂ ਇਕੋ ਹੀ ਤਰਕ ਹੈ ਕਿ ਜੇ ਇਹ ਵਾਕਿਆ ਹੀ ਸਿੱਖੀ ਦਾ ਦਿਲੋਂ ਪ੍ਰਚਾਰ ਕਰਨਾ ਚਹੁੰਦੇ ਹਨ ਤਾਂ ਆਪਣੀਆਂ ਗੱਦੀਆਂ ਬੰਦ ਕਰਕੇ ਪੰਥਕ ਕਾਰਜਾਂ ਵਿਚ ਜੁੱਟ ਕੇ ਨਿਰੋਲ ਗੁਰਬਾਣੀ ਸਿਧਾਂਤ ਦਾ ਪ੍ਰਚਾਰ ਕਰਨ। ਜਿੰਨ੍ਹਾ ਕਰਮਕਾਂਡਾਂ ਦੀ ਗੁਰਬਾਣੀ ਪ੍ਰਚਾਰ ਕਰਦੇ ਹਨ ਤਾਂ ਫਿਰ ਸਿੱਖ ਸਿਧਾਂਤ ਦੀ ਸਮਝ ਵੀ ਜ਼ਰੂਰ ਹੋਣੀ ਚਾਹੀਦੀ ਹੈ।

ਜਿਸ ਦੀ ਵਧੀਆ ਦੁਕਾਨ ਚੱਲਦੀ ਹੋਵੇ

**ਬਾਕੀ ਸਫਾ 7 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ: ਮਰਿਯਾਦਾ ਕੀ ਹੈ?**

**ਜਵਾਬ :** ਮਰਿਯਾਦਾ ਦਾ ਮਤਲਬ ਹੈ ਨਿਯਮ, ਅਨੁਸਾਸ਼ਨ। ਰੱਬ ਨੇ ਸ੍ਰਿਸ਼ਟੀ ਦੀ ਰਚਨਾ ਕਰਕੇ ਸਾਰੀ ਸ੍ਰਿਸ਼ਟੀ ਨੂੰ ਇਕ ਨਿਯਮ ਵਿੱਚ ਭਾਵ ਕਿ ਅਨੁਸਾਸ਼ਨ ਵਿੱਚ ਚਲਾਇਆ ਹੋਇਆ ਹੈ ਜਿਵੇਂ ਕਿ ਸੂਰਜ ਆਪਣੇ ਹੀ ਧੁਰੇ ਦੁਆਲ਼ੇ ਚੱਕਰ ਕੱਢਦਾ ਹੈ ਧਰਤੀ ਸੂਰਜ ਦੁਆਲੇ ਚੱਕਰ ਕੱਢਦੀ ਹੈ ਚੰਦਰਮਾ ਧਰਤੀ ਦੁਆਲੇ ਚੱਕਰ ਕੱਢਦਾ ਹੈ ਹੋਰ ਸਭ ਖੰਡ ਬ੍ਰਹਮੰਡ ਵੀ ਇਸ ਪ੍ਰਕਾਰ ਹੀ ਕਾਰਜਸ਼ੀਲ ਰਹਿੰਦੇ ਹਨ ਇਹੀ ਰੱਬ ਦਾ ਹੁਕਮ ਹੈ ਤੇ ਰੱਬ ਦੇ ਹੁਕਮ ਵਿੱਚ ਚੱਲਣਾ ਹੀ ਮਰਿਯਾਦਾ ਹੈ। ਸਫਲਤਾ ਪ੍ਰਾਪਤ ਕਰਨ ਲਈ ਮਨੁੱਖ ਲਈ ਵੀ ਅਨੁਸਾਸ਼ਨ ਵਿੱਚ ਰਹਿਣਾਂ ਬਹੁਤ ਜਰੂਰੀ ਹੈ। ਸਿੱਖ ਰਹਿਤ ਮਰਿਯਾਦਾ ਗੁਰਬਾਣੀ ਅਨੁਸਾਰ ਅਨੁਸਾਸ਼ਨ ਵਿੱਚ ਰਹਿਣ ਦੀ ਸਿਖਲਾਈ ਦਿੰਦੀ ਹੈ।

**ਸਵਾਲ : ਸਿੱਖ ਕੌਣ ਹੈ?**

**ਜਵਾਬ :** ਜਿਹੜਾ ਵੀ ਵਿਅਕਤੀ ਗੁਰੂ (ਗੁਰਬਾਣੀ) ਦੇ ਹੁਕਮ (ਰਜ਼ਾ) ਵਿੱਚ ਰਹਿ ਕੇ ਆਪਣਾ ਜੀਵਨ ਬਤੀਤ ਕਰਦਾ ਹੈ ਉਹ ਸਿੱਖ ਹੈ। **ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ (601)** ਸਿੱਖ ਰਹਿਤ ਮਰਿਯਾਦਾ ਦੇ ਪ੍ਰਕਰਣ ਸਿੱਖ ਦੀ ਤਰੀਫ਼ ਵਿੱਚ ਲਿਖਿਆ ਹੈ ਕਿ "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ) ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

**ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ ਪਰ ਸਿੱਖ ਰਹਿਤ ਮਰਿਯਾਦਾ ਦੇ ਪ੍ਰਕਰਣ ਸਿੱਖ ਦੀ ਤਰੀਫ ਵਿੱਚ ਲਿਖਿਆ ਹੈ ਕਿ "ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ..." ਇਸ ਦਾ ਕੀ ਅਰਥ ਬਣਦਾ ਹੈ?**

**ਜਵਾਬ :** ਇਹ ਸੱਚ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਸ ਗੁਰੂ ਸਾਹਿਬਾਨਾਂ ਵਿੱਚੋਂ ਕੇਵਲ ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ ਕਿਉਂਕਿ ਦਸ ਗੁਰੂ ਸਾਹਿਬਾਨਾਂ ਵਿੱਚੋਂ ਕੁਝ ਗੁਰੂ ਸਾਹਿਬਾਨਾਂ ਨੇ ਬਾਣੀ ਦੀ ਰਚਨਾ ਨਹੀਂ ਕੀਤੀ। ਸਿੱਖ ਰਹਿਤ ਮਰਿਯਾਦਾ ਦੇ ਪਰਕਰਣ ਸਿੱਖ ਦੀ ਤਰੀਫ ਵਿੱਚ ਲਿਖਿਆ "ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ" ਤੋਂ ਇਹ ਭਾਵ ਹੈ ਕਿ ਦਸ ਗੁਰੂ ਸਾਹਿਬਾਨਾਂ ਦਾ ਜੀਵਨ ਭਾਵ ਕਿ ਜੀਵਨ ਇਤਿਹਾਸ ਵਿੱਚੋਂ ਮਿਲਦੀਆਂ ਸਿਖਿਆਵਾਂ। ਸੋ ਇਸ ਨੂੰ ਅਸੀਂ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਵਿੱਚੋਂ ਮਿਲਦੀਆਂ ਸਿਖਿਆਵਾਂ, ਉਨ੍ਹਾਂ ਦੇ ਉਪਦੇਸ਼ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ....।

**ਸਵਾਲ : ਸਿੱਖ ਧਰਮ ਵਿੱਚ ਰਹਿਣੀ ਕਿੰਨੇ ਪਰਕਾਰ ਦੀ ਹੁੰਦੀ ਹੈ?**

**ਜਵਾਬ :** ਸਿੱਖ ਰਹਿਤ ਮਰਿਯਾਦਾ ਦੇ ਮੁਤਾਬਕ ਸਿੱਖੀ ਵਿੱਚ ਰਹਿਣੀ ਦੋ ਪਰਕਾਰ ਦੀ ਹੁੰਦੀ ਹੈ ਸ਼ਕਸੀ ਅਤੇ ਪੰਥਕ ਰਹਿਣੀ।

**ਸਵਾਲ : ਸ਼ਕਸੀ ਰਹਿਣੀ ਕੀ ਹੈ ?**

**ਜਵਾਬ :** ਸਿੱਖ ਰਹਿਤ ਮਰਿਯਾਦਾ ਵਿੱਚ ਸ਼ਕਸੀ ਰਹਿਣੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ। (1) ਨਾਮ ਬਾਣੀ ਦਾ ਅਭਿਆਸ। (2) ਗੁਰਮਤਿ ਦੀ ਰਹਿਣੀ। (3) ਸੇਵਾ।

**ਸਵਾਲ : ਨਾਮ ਬਾਣੀ ਦਾ ਅਭਿਆਸ ਕਿਵੇਂ ਕਰਨਾ ਹੈ?**

**ਜਵਾਬ : (1)** ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੈ ਕਿ "ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਨਾਮ ਜਪੇ (ਭਾਵ ਕਿ ਗੁਰਬਾਣੀ ਦੇ ਗਿਆਨ ਨੂੰ ਯਾਦ ਕਰੇ।) ਇਥੇ ਨਾਮ ਦਾ ਅਰਥ ਹੈ ਰੱਬ ਦਾ ਹੁਕਮ, ਰੱਬ ਦਾ ਨਿਯਮ, ਰੱਬ ਦਾ ਸਿਧਾਂਤ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਬਾਣੀ ਦਾ ਸਿਧਾਂਤ ਹੀ ਰੱਬ ਦਾ ਨਾਮ ਹੈ। ਗੁਰਮਤਿ ਅਨੁਸਾਰ ਗੁਰਬਾਣੀ ਦੇ ਗਿਆਨ ਨੂੰ ਚੇਤੇ ਕਰਨਾ ਹੀ ਨਾਮ ਜਪਣਾ ਹੈ। **ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥ (728)**

**(2)** ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਹੈ।

**(3)** ਰੱਬ ਅੱਗੇ ਅਰਦਾਸ ਕਰਨੀ ਹੈ।

**(4)** ਸਾਧ ਸੰਗਤ ਵਿੱਚ ਜੁੜ ਕੇ ਗੁਰਬਾਣੀ ਦਾ ਅਭਿਆਸ ਕਰਨਾ।

**(5)** ਗੁਰਬਾਣੀ ਦੀ ਕਥਾ।

**(6)** ਵਖਿਆਨ

**(7)** ਗੁਰਦੁਆਰੇ ਦਾ ਪ੍ਰੋਗਰਾਮ।

**ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਹੋਰ ਕਿੰਨਾ ਗੱਲਾਂ ਵੱਲ ਧਿਆਨ ਦੇਣ ਦੀ ਜਰੂਰਤ ਹੈ ?**

**ਜਵਾਬ :** ਸਿੱਖ ਰਹਿਤ ਮਰਿਯਾਦਾ ਦੇ ਪਰਕਰਣ 'ਗੁਰਦੁਆਰੇ' ਵਿੱਚ ਇਸ ਪ੍ਰਕਾਰ ਲਿਖਿਆ ਹੈ ਕਿ

"**(ਗ)** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾਂ ਸੋਧ ਕੇ ਪ੍ਰਕਾਸ਼ ਕੀਤਾ ਜਾਵੇ (ਭਾਵ ਕਿ ਜਦੋਂ ਵੀ ਜਾਂ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪ੍ਰਕਾਸ਼ ਕਰਨਾ ਹੋਵੇ ਤਾਂ ਅਰਦਾਸ ਜਰੂਰ ਕਰਨੀ ਚਾਹੀਦੀ ਹੈ)। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਇੱਕ ਸ਼ਬਦ ਦਾ ਵਾਕ ਲਿਆ ਜਾਵੇ (ਭਾਵ ਕਿ ਅਰਦਾਸ ਕਰਨ ਤੋਂ ਬਾਅਦ ਵਾਕ ਜਰੂਰ ਲਿਆ ਜਾਵੇ, ਇਹ ਨਾ ਹੋਵੇ ਕਿ ਅਰਦਾਸ ਅਤੇ ਵਾਕ ਲੈਣ ਤੋਂ ਬਿਨਾ ਹੀ ਬਾਣੀ ਪੜ੍ਹਨੀ ਜਾਂ ਦੀਵਾਨ ਦੀ ਅਰੰਭਤਾ ਦੀ ਕਾਰਵਾਈ ਆਰੰਭ ਕਰ ਦਿੱਤੀ ਜਾਵੇ। ਇਸ ਤਰ੍ਹਾਂ ਕਰਨਾ ਸਹੀ ਨਹੀਂ ਹੈ)।

**(ਘ)** ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੀ ਹੋਵੇ ਜਾਂ ਨਾ, ਹਰ ਇੱਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।

**(ਙ)** ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ (ਸੱਜੇ ਪਾਸੇ ਰੱਖ ਕੇ ਪ੍ਰਕਰਮਾ ਇਸ ਲਈ ਕਰਨੀ ਚਾਹੀਏ ਕਿ "ਜਿਵੇਂ ਜਿਸ ਕੰਮ ਨੂੰ ਅਸੀਂ ਤੁਸ਼ ਸਮਝਦੇ ਹਾਂ ਤਾਂ ਫਿਰ ਅਸੀਂ ਕਹਿੰਦੇ ਹਾਂ ਕਿ ਇਹ ਕੰਮ ਤਾਂ ਮੇਰੇ ਖੱਬੇ ਹੱਥ ਦਾ ਖੇਲ ਹੈ ਅਤੇ ਜਿਸ ਨੂੰ ਸਤਿਕਾਰ ਦੇਣਾ ਹੋਏ ਤਾਂ ਉਸਨੂੰ ਅਸੀਂ ਆਪਣੀ ਸੱਜੀ ਬਾਂਹ ਨਾਲ ਤੁਲਨਾ ਦਿੰਦੇ ਹਾਂ।" ਗੁਰੂ ਸਿਧਾਂਤਾਂ ਨੂੰ ਸਤਿਕਾਰ ਦੇਣ ਵਾਸਤੇ ਹੀ ਪ੍ਰਕਰਮਾ ਸੱਜੇ ਹੱਥ ਰੱਖ ਕੇ ਕੀਤੀ ਜਾਂਦੀ ਹੈ)।

**(ਚ)** ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਵਾਸਤੇ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ ਹੈ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

**(ਛ)** ਗੁਰਦੁਆਰੇ ਅੰਦਰ ਜਾਕੇ ਸਿੱਖ ਦਾ ਪਹਿਲਾ ਕਰਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ॥' ਬੁਲਾਈ ਜਾਵੇ।

**(ਜ)** ਸੰਗਤ ਵਿੱਚ ਬੈਠਣ ਲਈ ਭੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ- ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

**(ਝ)** ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿੱਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ (ਕੋਈ ਬਿਮਾਰ ਵਿਅਕਤੀ ਜਿਸ ਨੂੰ ਸੰਗਤ ਵਿੱਚ ਬੈਠਣ ਲਗਿਆ ਮੁਸ਼ਕਿਲ ਆਉਂਦੀ ਹੋਵੇ ਉਸ ਨੂੰ ਛੱਡ ਕੇ ਹੋਰਨਾਂ ਲਈ) ਮਨਮਤਿ ਹੈ।

**(ਞ)** ਸੰਗਤ ਵਿੱਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿੱਚ ਸਿੱਖ ਇਸਤ੍ਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਦੇ ਵਿਰੁੱਧ ਹੈ।"

-0-



# ਸ਼ਬਦ ਵਿਚਾਰ

## ਸਮਰਪਿਤ ਭਾਵਨਾ

ਦੋ ਸਿਖਿਆਰਥੀ ਕਿਸੇ ਉਸਤਾਦ ਕੋਲੋਂ ਤਬਲੇ ਦੀ ਵਿਦਿਆ ਲੈਣ ਲਈ ਗਏ। ਇੱਕ ਸਿਖਿਆਰਥੀ ਕਹਿੰਦਾ ਹੈ ਕਿ "ਮੈਨੂੰ ਤਬਲਾ ਆਉਂਦਾ ਹੈ"। ਉਸਤਾਦ ਜੀ ਕਹਿਣ ਲੱਗੇ, "ਫਿਰ ਤਬਲਾ ਵਜਾ ਕੇ ਦਿਖਾਓ"। ਸਿੱਖੇ ਹੋਏ ਸਿਖਿਆਰਥੀ ਨੇ ਤਬਲਾ ਵਜਾਇਆਂ ਤਾਂ ਉਸਤਾਦ ਜੀ ਕਹਿਣ ਲੱਗੇ, "ਭਾਈ ਤੈਨੂੰ ਪੰਜ ਸਾਲ ਲਗਣਗੇ ਤਬਲਾ ਸਿੱਖਣ ਲਈ।" ਉਸਤਾਦ ਜੀ ਨੇ ਦੂਸਰੇ ਸਿਖਿਆਰਥੀ ਨੂੰ ਪੁੱਛਿਆ, ਕਿ "ਤੈਨੂੰ ਤਬਲਾ ਆਉਂਦਾ ਹੈ" ਤਾਂ ਉਹ ਸਿੱਖਿਆਰਥੀ ਕਹਿਣ ਲੱਗਾ ਕਿ ਜੀ, "ਮੈਨੂੰ ਬਿਲਕੁਲ ਕੁੱਝ ਨਹੀਂ ਆਉਂਦਾ ਤੇ ਨਾ ਹੀ ਮੈਨੂੰ ਤਬਲੇ ਸਬੰਧੀ ਕੋਈ ਜਾਣਕਾਰੀ ਹੈ"। ਤਾਂ ਉਸਤਾਦ ਸੁਣ ਕੇ ਵਿਚਾਰ ਕੇ ਕਹਿਣ ਲੱਗਾ, ਕਿ "ਭਾਈ ਤੈਨੂੰ ਤਬਲਾ ਸਿੱਖਣ ਲਈ ਤਿੰਨ ਸਾਲ ਲੱਗਣਗੇ"। ਪਹਿਲਾ ਸਿਖਿਆਰਥੀ ਕਹਿੰਦਾ, ਕਿ "ਉਸਤਾਦ ਜੀ ਇਸ ਨੂੰ ਕੁੱਝ ਵੀ ਨਹੀਂ ਆਉਂਦਾ ਤੇ ਤਿੰਨ ਸਾਲ ਮੈਨੂੰ ਤਬਲਾ ਆਉਂਦਾ ਤੇ ਪੰਜ ਸਾਲ ਅਜਿਹੀ ਬੇ-ਇਨਸਾਫ਼ੀ ਕਿਉਂ"? ਉਸਤਾਦ ਜੀ ਕਹਿਣ ਲੱਗੇ, ਕਿ "ਭਾਈ ਤੂੰ ਗਲਤ ਸਿੱਖਿਆ ਹੈ ਦੂਜਾ ਤੈਨੂੰ ਮਾਣ ਹੈ ਕਿ ਮੈਨੂੰ ਤਬਲਾ ਵਜਾਉਣਾ ਆਉਂਦਾ ਹੈ ਇਸ ਲਈ ਮੇਰੀ ਗੱਲ ਤੇਰੇ ਖਾਨੇ ਵਿੱਚ ਨਹੀਂ ਪਏਗੀ, ਪਹਿਲਾਂ ਜੋ ਤੂੰ ਸਿੱਖਿਆ ਹੈ ਉਸ ਨੂੰ ਬਾਹਰ ਕੱਢਣਾ ਪੈਣਾ ਹੈ"। ਜਿਹੜਾ ਅਜੇ ਕੋਰਾ ਹੈ ਉਹ ਇਹ ਗੱਲ ਮੰਨ ਗਿਆ ਹੈ ਕਿ ਮੈਨੂੰ ਕੁਝ ਵੀ ਨਹੀਂ ਆਉਂਦਾ ਤੇ ਸਿੱਖਣ ਲਈ ਵੀ ਤਿਆਰ ਹੈ ਇਸ ਲਈ ਇਹ ਬਹੁਤ ਜਲਦੀ ਤਬਲੇ ਦੀਆਂ ਬਰੀਕੀਆਂ ਸਿੱਖ ਜਾਏਗਾ। ਜਦੋਂ ਬੰਦਾ ਨਿਮਰਤਾ ਨਾਲ ਸਿੱਖਣ ਦਾ ਯਤਨ ਕਰੇਗਾ ਤਾਂ ਉਹ ਬਹੁਤ ਜਲਦੀ ਸਿੱਖ ਜਾਂਦਾ ਹੈ ਪਰ ਜਦੋਂ ਮਨੁੱਖ ਇਹ ਮਨ ਵਿੱਚ ਧਾਰ ਲਏ ਕਿ ਮੈਨੂੰ ਬਹੁਤ ਕੁਝ ਆਉਂਦਾ ਹੈ ਤਾਂ ਉਸ ਦੇ ਸਿੱਖਣ ਵਾਲੇ ਦਰਵਾਜ਼ੇ ਬੰਦ ਹੋ ਜਾਂਦੇ ਹਨ।




**ਪ੍ਰਿੰ. ਗੁਰਬਚਨ ਸਿੰਘ ਪੰਨਵਾਂ**
**99155-29725**


**ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥**
**ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥**

**ਅੱਖਰੀਂ ਅਰਥ**–– ਹੇ ਪਰਮ ਉੱਤਮ ਅਕਾਲ ਪੁਰਖ! ਹੇ ਕ੍ਰਿਪਾਲ ਹਰੀ! ਹੇ ਗੁਰੂ ਹਰੀ! (ਮੇਰੇ ਅੰਦਰ ਸਿਮਰਨ ਦੀ) ਨਾ ਹੀ ਸਮਰੱਥਾ ਹੈ, ਨਾ ਹੀ ਮੈਂ ਸੇਵਕ ਹਾਂ, ਨਾ ਹੀ ਮੇਰੇ ਅੰਦਰ (ਤੇਰੇ ਚਰਨਾਂ ਦੀ) ਪ੍ਰੀਤ ਹੈ। (ਤੇਰਾ ਦਾਸ) ਨਾਨਕ ਤੇਰੀ ਮੇਹਰ ਨਾਲ (ਹੀ) ਤੇਰਾ ਨਾਮ ਸਿਮਰਦਾ ਹੈ।

**ਵਿਚਾਰ ਚਰਚਾ**––

1. ਤਿੰਨ ਨੁਕਤੇ ਉਠਾਏ ਹਨ ਕਿ ਰੱਬ ਜੀ ਮੇਰੇ ਵਿੱਚ ਕੋਈ ਸਮਰੱਥਾ ਨਹੀਂ ਹੈ ਦੂਜਾ ਨਾ ਹੀ ਸੇਵਕਾਂ ਵਾਲਾ ਕੋਈ ਗੁਣ ਹੈ ਤੇ ਤੀਜਾ ਮੇਰੀ ਪ੍ਰੀਤੀ ਕੋਈ ਬਹੁਤੀ ਨਹੀਂ ਹੈ।

2. ਤੇਰੀ ਮਿਹਰ ਨਾਲ ਹੀ ਮੈਂ ਨਾਮ ਸਿਮਰ ਸਕਦਾ ਹਾਂ।

3. ਇਸ ਸਲੋਕ ਦੀ ਭਾਵਨਾ ਸਮਝ ਆਉਂਦੀ ਹੈ ਕਿ ਜਦੋਂ ਕਿਸੇ ਨੇ ਕੁੱਝ ਹਾਸਲ ਕਰਨਾ ਹੈ ਤਾਂ ਆਪਣੇ ਆਪ ਨੂੰ ਸਮਰਪਤ ਕਰਨਾ ਪਏਗਾ।

4. ਆਸਾ ਰਾਗ ਅੰਦਰ ਵੀ ਬੜਾ ਪਿਆਰਾ ਵਾਕ ਹੈ ਕਿ ਭਰੇ ਭਾਂਡੇ ਵਿਚੋਂ ਪਹਿਲੀ ਵਸਤੂ ਕੱਢਣੀ ਪਏਗੀ ਤਾਂ ਦੂਜੀ ਪਾਈ ਜਾ ਸਕਦੀ ਹੈ।

5. ਇੰਝ ਮਨੁੱਖ ਆਪਣੇ ਆਪ ਨੂੰ ਜਦੋਂ ਸਮਰਪਿਤ ਕਰਦਿਆਂ ਉੱਦਮ ਕਰੇਗਾ ਤਾਂ ਇਹ ਹੀ ਰੱਬ ਜੀ ਦੀ ਮਿਹਰ ਹੈ। ਇੰਝ ਕਦੀ ਵੀ ਨਹੀਂ ਹੋ ਸਕਦਾ ਕਿ ਕਿਰਸਾਨ ਕਣਕ ਬੀਜੇ ਹੀ ਨਾ ਤੇ ਇਹ ਕਹੇ ਕਿ ਮੇਰੇ ਘਰ ਕਣਕ ਆਪਣੇ ਆਪ ਤਿਆਰ ਹੋ ਕੇ ਆ ਜਾਏ। ਬੱਚਾ ਕਦੇ ਡਾਕਟਰੀ ਦੀ ਪੜ੍ਹਾਈ ਕਰੇ ਹੀ ਨਾ ਤੇ ਕਹੇ ਕਿ ਰੱਬ ਜੀ ਮੈਨੂੰ ਘਰ ਬੈਠਿਆਂ ਡਾਕਟਰ ਬਣਾ ਦਿਓ। ਏਦਾਂ ਕਦੇ ਵੀ ਨਹੀਂ ਹੁੰਦਾ।

6. ਕਈ ਵਾਰੀ ਏਦਾਂ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਕਿ ਬੱਚੇ ਦਾ ਕੁੱਝ ਸਿੱਖਣ ਨੂੰ ਮਨ ਨਹੀਂ ਕਰਦਾ ਤੇ ਨਾ ਹੀ ਉਸ ਕੰਮ ਪ੍ਰਤੀ ਉਸ ਦਾ ਪਿਆਰ ਜਾਂ ਲਗਨ ਹੁੰਦੀ ਹੈ ਤੇ ਨਾ ਹੀ ਕੋਈ ਸਿੱਖਣ ਦੀ ਰੁਚੀ ਹੁੰਦੀ ਹੈ ਪਰ ਜੇ ਅਧਿਆਪਕ ਚੰਗਾ ਮਿਲ ਜਾਏ ਤਾਂ ਉਹ ਪ੍ਰੇਰਨਾ ਨਾਲ ਕਿਸੇ ਮੰਜ਼ਿਲ 'ਤੇ ਵੀ ਪਹੁੰਚ ਸਕਦਾ ਹੈ।

7. ਕਈਆਂ ਕੋਲ ਫੀਸ ਦੇ ਪੈਸੇ ਵੀ ਨਹੀਂ ਹੁੰਦੇ ਤੇ ਨਾ ਹੀ ਦੂਸਰਿਆਂ ਵਿਦਿਆਰਥੀਆਂ ਵਾਂਗ ਰਹਿਣ ਸਹਿਣ ਹੁੰਦਾ ਹੈ ਅਜਿਹੀ ਅਵਸਥਾ ਵਿੱਚ ਕੋਈ ਨਾ ਕੋਈ ਪ੍ਰੇਰਨਾ ਸਰੋਤ ਮਿਲ ਜਾਏ ਤਾਂ ਰਾਹ ਸਿਰ ਤੁਰ ਪੈਂਦਾ ਹੈ।

8. ਆਪਣੇ ਆਪ ਨੂੰ ਸਮਰਪਿਤ ਕਰਨਾ, ਉਦਮੀ ਹੋਣਾ ਤੇ ਮਨ ਮਾਰ ਕੇ ਮਿਹਨਤ ਕਰਨ ਲਈ ਤਿਆਰ ਹੋ ਜਾਣਾ ਹੀ ਰੱਬ ਜੀ ਦੀ ਕ੍ਰਿਪਾ ਤਥਾ ਮਿਹਰ ਹੈ––

**ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥**
**ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥** (519) -0-



### ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

### ਸੰਪਾਦਕੀ ਸਫਾ 5 ਦਾ ਬਾਕੀ

ਉਹ ਬੰਦ ਕਰਨ ਲਈ ਤਿਆਰ ਨਹੀਂ ਹੁੰਦਾ। ਧਾਰਮਿਕ, ਸਮਾਜਿਕ, ਅਤੇ ਰਾਜਨੀਤਿਕ ਆਗੂ ਕਹਾਉਣ ਵਾਲੇ ਖ਼ੁਦ ਸਿਧਾਤਾਂ ਦਾ ਸ਼ਰੇਆਮ ਅਪਮਾਨ ਕਰਦੇ ਦਿਖਾਈ ਦੇ ਰਹੇ ਹਨ। ਵਕਤੀ ਤੇ ਨਿੱਜ ਦੀ ਹੋਂਦ ਉਜਾਗਰ ਕਰਨ ਵਾਲੀਆਂ ਅਣਗਿਣਤ ਸੰਸਥਾਵਾਂ ਦਾ ਤਾਣਾ ਬਾਣਾ ਕੌਮੀ ਦੂਰ ਅੰਦੇਸ਼ੀ ਹੀਣ ਕਰਕੇ ਅੰਦਰੂਨੀ ਤੇ ਬਾਹਰੀ ਤੌਰ 'ਤੇ ਆਪਸ ਵਿੱਚ ਭਿੜਦਾ ਵੇਖਿਆ ਜਾ ਸਕਦਾ ਹੈ। ਸਿੱਖ ਦਾ ਸਭ ਤੋਂ ਵੱਧ ਦੁਖਦਾਈ ਪਹਿਲੂ ਹੈ ਕਿ ਇਹਨਾਂ ਨਵੇਂ ਜੰਮੇ ਡੇਰਿਆਂ 'ਤੇ ਸਾਡੇ ਸਿੱਖ ਲੀਡਰਾਂ ਤੇ ਧਾਰਮਿਕ ਆਗੂਆਂ ਨੇ ਹਾਜ਼ਰੀਆਂ ਭਰ ਕਿ ਇਹਨਾਂ ਵਿਚ ਜਾਨ ਪਾਈ ਹੈ। ਇਹਨਾਂ ਦੀ ਹਾਜ਼ਰੀ ਨੇ ਕਰਮ ਕਾਂਡਾਂ ਦੀ ਪ੍ਰੋੜਤਾ ਕੀਤੀ ਹੈ।

ਗੁਰਗੱਦੀ ਦਿਵਸ ’ਤੇ ਵਿਸ਼ੇਸ਼

# ਸਿਮਰੌਂ ਸ੍ਰੀ ਹਰਿਰਾਇ

-ਕੈਪਟਨ
ਅਵਤਾਰ ਸਿੰਘ
97819-90206



ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਵਿਖੇ 31 ਜਨਵਰੀ 1630 ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ। ਗੁਰੂ ਜੀ ਦੀ ਮਾਤਾ ਜੀ ਦਾ ਨਾਮ ਨਿਹਾਲ ਕੌਰ ਜੀ ਸੀ। ਬਾਬਾ ਗੁਰਦਿੱਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਕੀਰਤਪੁਰ ਨਗਰ ਦੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਮਈ 1624 ਵਿਚ ਬਾਬਾ ਸ੍ਰੀ ਚੰਦ ਜੀ ਨੇ ਨੀਂਹ ਰੱਖੀ ਤੇ ਬਾਬਾ ਗੁਰਦਿੱਤਾ ਜੀ ਨੇ ਸ਼ਹਿਰ ਵਸਾਇਆ ਸੀ। ਇਸੇ ਥਾਂ ਤੇ ਗੁਰੂ ਨਾਨਕ ਸਾਹਿਬ ਜੀ ਦੇ ਵਰੋਸਾਏ ਸਿੱਖ ਸਾਈਂ ਬੁੱਢਣ ਸ਼ਾਹ ਜੀ ਰਹਿੰਦੇ ਸਨ। ਗੁਰੂ ਹਰਿ ਰਾਇ ਸਾਹਿਬ ਜੀ ਦਾ ਅਨੰਦ ਕਾਰਜ ਮਾਤਾ ਕ੍ਰਿਸ਼ਨ ਕੌਰ ਜੀ (ਸੁਲੱਖਣੀ ਜੀ) ਨਾਲ ਸੰਨ 1640 ਵਿਚ ਹੋਇਆ। ਜਿਨ੍ਹਾਂ ਤੋਂ ਦੋ ਸਾਹਿਬਜ਼ਾਦੇ ਰਾਮ ਰਾਏ ਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਤੇ ਇਕ ਸਪੁਤਰੀ ਬੀਬੀ ਅਨੂਪ ਕੌਰ ਜੀ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ 14 ਮਾਰਚ 1644 ਨੂੰ ਗੁਰਿਆਈ ਦੀ ਬਖਸ਼ਿਸ਼ ਅਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਕੇ 19 ਮਾਰਚ 1644 ਨੂੰ ਜੋਤੀ ਜੋਤਿ ਸਮਾ ਗਏ।

ਸੰਨ 1646 ਵਿਚ ਪੰਜਾਬ ਵਿਚ ਕਾਲ ਪੈ ਗਿਆ। ਤਿੰਨ ਸਾਲ ਬੜੀ ਔੜ ਲਗੀ ਰਹੀ। ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਤਰਸਣ ਲੱਗੇ। ਮਨੁੱਖ, ਮਨੁੱਖਾਂ ਨੂੰ ਲੁੱਟ ਲੁੱਟ ਕੇ ਖਾਣ ਲੱਗੇ। ਜਿਸ ਦਸਵੰਧ ਨੇ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਗਰੀਬਾਂ ਨੂੰ ਸਹਾਰਾ ਦਿੱਤਾ ਸੀ, ਉਹੀ ਦਸਵੰਧ ਹੁਣ ਵੀ ਕਾਲ ਪੀੜਤਾਂ ਲਈ ਵਰਤਿਆ ਗਿਆ। ਪੰਜਵੇਂ ਤੇ ਛੇਵੇਂ ਪਾਤਸ਼ਾਹ ਜੀ ਦੀ ਤਰ੍ਹਾਂ ਹੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਾਲ ਦੇ ਸਮੇਂ ਵੀ ਮਿਹਨਤ ਕਰਨ ਦਾ ਜਜ਼ਬਾ ਭਰਨ ਵਾਸਤੇ ਤੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਖੂਹ ਵੀ ਪੁਟਵਾਏ। ਸਿੱਖਾਂ ਦੀ ਗਿਣਤੀ ਵੀ ਵੱਧ ਚੁੱਕੀ ਸੀ। ਦੂਸਰੇ ਪ੍ਰਾਂਤਾਂ ਵਿਚੋਂ ਸੁੱਖੀ ਵਸਦੇ ਸਿੱਖਾਂ ਨੇ ਕਾਲ ਪੀੜਿਤਾਂ ਲਈ ਦਿਲ ਖੋਲ ਕੇ ਮਾਇਆ ਦਿਤੀ। ਇਸ ਉੱਦਮ ਦਾ ਸਭ ਤੋਂ ਡੂੰਘਾ ਅਸਰ ਦਾਰਾ ਸ਼ਿਕੋਹ ਉੱਤੇ ਪਿਆ, ਜੋ ਪੰਜਾਬ ਦਾ ਗਵਰਨਰ ਸੀ। ਦਾਰਾ ਸ਼ਿਕੋਹ ਦੇ ਅੰਦਰ ਗੁਰੂ ਘਰ ਦਾ ਸਤਿਕਾਰ ਬਹੁਤ ਵੱਧ ਗਿਆ। ਮੌਕਾ ਮਿਲਣ ਤੇ ਦਾਰਾ ਸ਼ਿਕੋਹ, ਗੁਰੂ ਹਰਿਰਾਇ ਸਾਹਿਬ ਜੀ ਨੂੰ ਮਿਲਦਾ ਵੀ ਰਿਹਾ। ਉਸਨੇ ਇਕ ਵਾਰੀ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ,ਪਰ ਸਤਿਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਇਹ ਲੰਗਰ ਸਿੱਖਾਂ ਦੇ ਪਿਆਰ ਅਤੇ ਕੁਰਬਾਨੀ ਰਾਹੀਂ ਹੀ ਚਲਦਾ ਹੈ।

ਜਦੋਂ ਸ਼ਾਹ ਜਹਾਨ ਨੇ ਹੁਕਮ ਦਿੱਤਾ ਕਿ ਸਭ ਨਵੇਂ ਬਣੇ ਮੰਦਰ ਢਾਹ ਦਿੱਤੇ ਜਾਣ ਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਨਾ ਹੋਣ ਦਿਤੀ ਜਾਵੇ,ਤਾਂ ਹਿੰਦੂ ਜਨਤਾ ਉੱਤੇ ਸਹਿਮ ਪੈ ਗਿਆ। ਭਾਵੇਂ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਉੱਤੇ ਲਾਗੂ ਨਹੀਂ ਸੀ, ਕਿਉਂਕਿ ਸਿੱਖ ਮੂਰਤੀ ਪੂਜਕ ਨਹੀਂ ਸਨ, ਪਰ ਗੁਰੂ ਹਰਿਰਾਇ ਸਾਹਿਬ ਜੀ ਦੇ ਸਾਹਮਣੇ ਤਾਂ ਸਿੱਖੀ ਦਾ ਇਹ ਅਸੂਲ ਸੀ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਵੋ। ਇਸ ਲਈ ਆਪ ਨੇ ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਇਸ ਉਪਰੰਤ ਗੁਰੂ ਜੀ ਨੇ ਇਕ ਵੱਡਾ ਪ੍ਰਚਾਰ ਦੌਰਾ ਮਾਝੇ, ਦੁਆਬੇ ਤੇ ਮਾਲਵੇ ਵੱਲ ਕੀਤਾ।

ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਵਿਖੇ ਇਕ ਵੱਡਾ ਦਵਾਖਾਨਾ ਖੋਲ੍ਹਿਆ ਸੀ, ਜਿਥੋਂ ਰੋਗੀਆਂ ਦੇ ਰੋਗ ਦੂਰ ਹੁੰਦੇ ਸਨ। ਬੇਸਹਾਰਿਆਂ ਨੂੰ ਸਹਾਰਾ ਮਿਲਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵੀ ਇਹ ਦਵਾਖਾਨਾ ਚਲਦਾ ਰਿਹਾ। ਗੁਰੂ ਹਰਿਰਾਇ ਸਾਹਿਬ ਜੀ ਨੇ ਇਸਦਾ ਹੋਰ ਵਿਸਥਾਰ ਕੀਤਾ। ਇਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਹਰ ਵੇਲੇ ਮੁਫ਼ਤ ਦਵਾਈ ਤੇ ਖੁਰਾਕ ਮਿਲਦੀ ਸੀ। ਇਕ ਵਾਰੀ ਦਾਰਾ ਸ਼ਿਕੋਹ ਬੀਮਾਰ ਪੈ ਗਿਆ। ਬੀਮਾਰੀ ਵੀ ਖ਼ਤਰਨਾਕ ਬਣ ਗਈ। ਹਕੀਮਾਂ ਨੇ ਖਾਸ ਕਿਸਮ ਦੇ ਵਜ਼ਨ ਦੇ ਲੌਂਗ, ਹਰੀੜਾਂ ਤੇ ਗਜਮੋਤੀ ਦਵਾਈ ਲਈ ਤਜ਼ਵੀਜ ਕੀਤੇ। ਇਹ ਚੀਜ਼ਾਂ ਆਪ ਜੀ ਦੇ ਦਵਾਖਾਨੇ ਤੋਂ ਬਿਨਾ ਹੋਰ ਕਿਤੇ ਨਾ ਮਿਲੀਆਂ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ ਤੇ ਨਜ਼ਰਾਨੇ ਭੇਟ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਆਪ ਜੀ ਆਪਣੀ ਅਰਦਲ ਵਿਚ 2200 ਘੋੜ ਸਵਾਰ ਹਮੇਸ਼ਾਂ ਰੱਖਦੇ ਸਨ। ਜਦ ਸ਼ਾਹ ਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤਖ਼ਤ ਲਈ ਲੜਾਈ ਹੋਈ ਤਾਂ ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸਦੇ ਮਗਰ ਫੌਜ ਭੇਜੀ। ਦਾਰਾ ਸ਼ਿਕੋਹ ਨੇ ਗੁਰੂ ਹਰਿਰਾਇ ਜੀ ਪਾਸੋਂ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਲੋੜਵੰਦ ਦੀ ਬਾਂਹ ਫੜਨੀ, ਗੁਰੂ ਨਾਨਕ ਦੇ ਘਰ ਦਾ ਪਹਿਲਾ ਅਸੂਲ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ। ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ। ਫਿਰ ਆਪ 2200 ਘੋੜ ਸਵਾਰ ਲੈ ਕੇ ਬਿਆਸ ਦਰਿਆ ਦੇ ਕੰਢੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਔਰੰਗਜ਼ੇਬ ਦੀ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨ ਤੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਲਾਹੌਰ ਜਾ ਪੁੱਜਾ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਗੋਇੰਦਵਾਲ ਤੋਂ ਕਸ਼ਮੀਰ ਦੇ ਦੌਰੇ ਤੇ ਗਏ।

ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਵੀ ਲੱਗ ਗਿਆ। ਜਦੋਂ ਉਹ ਭਰਾਵਾਂ ਨੂੰ ਮਾਰ ਮੁਕਾ ਕੇ ਤੇ ਪਿਉ ਨੂੰ ਕੈਦ ਕਰਕੇ ਬਾਦਸ਼ਾਹ ਬਣਿਆ ਤਾਂ ਉਸਨੇ ਤਖ਼ਤ ਤੇ ਬਹਿਣ ਮਗਰੋਂ ਛੇਤੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ,ਪਰ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨਾਲ ਭਾਈ ਦਰਿਆ (ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਦਾ ਭਰਾ) ਭਾਈ ਦਰਘਾਹ ਮੱਲ (ਭਾਈ ਮਤੀ ਦਾਸ ਜੀ ਦੇ ਤਾਇਆ ਜੀ), ਭਾਈ ਗੁਰਦਾਸ ਜੀ (ਭਾਈ ਬਹਲੋ ਦਾ ਪੁੱਤਰ) ਤੇ ਹੋਰ ਸਿੱਖਾਂ ਨੂੰ ਭੇਜਿਆ। ਤੁਰਨ ਲੱਗਿਆਂ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿਚ ਗੁਰੂ ਆਸਰੇ ਰਹਿਣਾ। ਗੁਰੂ ਨੂੰ ਅੰਗ ਸੰਗ ਸਮਝਣਾ। ਬਾਬਾ ਰਾਮ ਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਿਰ ਜਵਾਬ ਸਨ। ਉਨ੍ਹਾਂ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ। ਔਰੰਗਜ਼ੇਬ ਨੇ ਪੁਛਿਆ ਕਿ ਗੁਰੂ ਹਰਿਰਾਇ ਜੀ ਨੇ ਦਾਰਾ ਸ਼ਿਕੋਹ ਦੀ ਸਹਾਇਤਾ ਕਿਉਂ ਕੀਤੀ? ਰਾਮ ਰਾਇ ਜੀ ਨੇ ਉੱਤਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਲੋੜਵੰਦ ਤੇ ਦੁਖੀਆ ਜਾਣ ਕੇ ਮਦਦ ਕੀਤੀ। ਕਿਸੇ ਵੈਰ ਭਾਵ ਨੂੰ ਧਾਰ ਕੇ ਨਹੀਂ। ਔਰੰਗਜ਼ੇਬ ਨੇ ਫਿਰ ਸਿੱਖ ਧਰਮ ਬਾਰੇ ਹੋਰ ਕਈ ਸਵਾਲ ਪੁਛੇ। ਜਿਨ੍ਹਾਂ ਦਾ ਉੱਤਰ ਬਾਬਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੇ ਮੁਤਾਬਿਕ ਦਿੱਤਾ। ਹਰੇਕ ਅਜ਼ਮਾਇਸ਼ ਵਿਚ ਬਾਬਾ ਰਾਮਰਾਇ ਜੀ ਪੂਰੇ ਉਤਰੇ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਬਾਬਾ ਰਾਮ ਰਾਇ ਦਾ ਦਿਲ ਜਿੱਤ ਕੇ ਆਪਣੇ ਦੀਨ ਵਿਚ ਲਿਆਂਦਾ ਜਾਵੇ। ਉਸਨੇ ਕਾਜ਼ੀਆਂ ਦੀ ਪ੍ਰੇਰਣਾ ਤੇ ਬਾਬਾ ਰਾਮ ਰਾਇ ਤੋਂ ਪੁਛਿਆ, “ਤੁਹਾਡੇ ਗ੍ਰੰਥ ਵਿਚ ਲਿਖਿਆ ਹੈ:

ਬਾਕੀ ਸਫਾ 19 ’ਤੇ

# ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ



**ਡਾ. ਰੂਪ ਸਿੰਘ**

> **ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ. 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦਾ ਉਜਾੜਾ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਖੋਲ੍ਹਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ। ਹੋਲਾ ਮਹੱਲਾ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਆਨੰਦਪੁਰ ਸਾਹਿਬ ਵਿਖੇ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ।**

**ਹੋਲਾ ਮਹੱਲਾ** ਸਿੱਖਾਂ ਦਾ ਅਹਿਮ ਦਿਹਾੜਾ ਹੈ, ਜੋ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਤਿਉਹਾਰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਲੋਕਾਂ ਦੀ ਸੁੱਤੀ ਅਣਖ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ:) ਨੂੰ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ-ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖੁਦ-ਮੁਖਤਿਆਰ ਖਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸਭਿਆਚਾਰ ਨਾਲ ਸਬੰਧਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ ਕੇ ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਉਨ੍ਹਾਂ ਦਾ ਆਸ਼ਾ ਪੰਜਾਬੀਆਂ ਦੇ ਮਨਾਂ 'ਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿਚ ਸੁਤੰਤਰ ਹੋ ਕੇ ਵਿਚਰ ਸਕਣ।

ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ ਜੋ ਬਸੰਤ-ਬਹਾਰ ਦੀ ਆਗਮਨ ਦੀ ਖੁਸ਼ੀ ਵਿਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵਿਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿਚ ਰੰਗੀ ਜਾਂਦੀ ਹੈ।

ਪੁਰਾਤਨ ਕਹਾਣੀ ਅਨੁਸਾਰ ਹਰਨਾਖਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਖਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅਗਨੀ ਸਾੜਦੀ ਨਹੀਂ। ਇਸ ਲਈ ਹਰਨਾਖਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿੱਚ ਬਠਾ ਕੇ ਚਿਖਾ 'ਤੇ ਬਿਠਾ ਦਿੱਤਾ। ਜਦ ਅੱਗ ਲਾਈ ਗਈ ਤਾਂ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਗੁਰਬਾਣੀ ਵਿਚ ਪਾਵਨ ਸ਼ਬਦ ਅੰਕਿਤ ਹੈ :

**ਹਰਿ ਜੁਗੁ ਜੁਗੁ ਭਗਤ ਉਪਾਇਆ**
**ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥**
**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥ (451)**



'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚਲਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ। 'ਖਾਲਸਾਈ ਬੋਲੇ' ਅਨੁਸਾਰ 'ਇੱਕ' ਨੂੰ 'ਸਵਾ ਲੱਖ', 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾ, ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ 'ਹੋਲਾ' ਹੈ।

'ਹੋਲੀ' ਤੋਂ 'ਹੋਲਾ ਮਹੱਲਾ' ਸਿਰਫ ਸ਼ਬਦ ਜੋੜ ਦੀ ਤਬਦੀਲੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਅਜ਼ਾਦ ਸੋਚ-ਵਿਚਾਰ ਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗੁਲਾਮੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗੁਲਾਮ ਸਨ। ਗੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁਚ ਅਦਭੁਤ



ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਉਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਭਾਰਤੀਆਂ ਨੂੰ ਖੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰ ਕੇ ਦਿੱਤਾ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਮੁਤਾਬਕ ਮਹੱਲਾ ਅਰਬੀ ਦੇ ਸ਼ਬਦ 'ਮਹੱਲਹੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿੱਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ ਕੇ ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸ਼ਚਤ ਸਥਾਨ 'ਤੇ ਕਾਬਜ਼ ਹੋ ਜਾਂਦਾ ਅਤੇ ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਰਾਹੀਂ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਅ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹ' ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰੂ ਦਰਬਾਰ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤਾ ਜਾਂਦਾ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਬ ਵਿਖਾਉਂਦੇ। ਪਹਿਲਾਂ 'ਮਹੱਲਾ' ਸ਼ਬਦ ਇਸੇ ਭਾਵ ਵਿਚ ਵਰਤਿਆ ਜਾਂਦਾ ਰਿਹਾ ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ ਜੋ 'ਫ਼ਤਹ' ਮਗਰੋਂ ਫ਼ੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। ਇਹ ਪ੍ਰਥਾ ਹੁਣ ਤਕ ਜਾਰੀ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗ਼ੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿੱਤਾ।

ਜ਼ਿਕਰਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ: 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦਾ ਉਜਾੜਾ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਖੋਲ੍ਹਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ।

ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਆਨੰਦਪੁਰ ਸਾਹਿਬ ਵਿਖੇ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸੱਜਦੇ ਹਨ ਤੇ ਖਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ, ਜੋ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿਚ ਖਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿਚ ਸੱਜਦੇ ਸਨ ਜਿਨ੍ਹਾਂ ਵਿਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜਵਾਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।

-0-

# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com

15 ਮਾਰਚ : ਦਿੱਲੀ ਫਤਹਿ ਦਿਵਸ 'ਤੇ ਵਿਸ਼ੇਸ਼



## ਅਦੁੱਤੀ ਸਿੱਖ ਜਰਨੈਲ

# ਸਰਦਾਰ ਬਘੇਲ ਸਿੰਘ




ਡਾ. ਕਰਨਲ ਦਲਵਿੰਦਰ ਸਿੰਘ
9815366726


ਸਿੱਖ ਰਾਜ ਦੀ ਸਥਾਪਨਾ ਬਾਬਾ ਬੰਦਾ ਸਿੰਘ ਨੇ ਮਈ 1710 ਵਿਚ ਸਰਹੰਦ ਉਤੇ ਕਬਜ਼ਾ ਕਰਨ ਨਾਲ ਕਰ ਦਿਤੀ ਸੀ ਪਰ ਉਹ 1715 ਵਿਚ ਬਾਬਾ ਬੰਦਾ ਸਿੰਘ ਦੇ ਗ੍ਰਿਫਤਾਰ ਹੋਣ ਨਾਲ ਖਤਮ ਹੋ ਚੱਲੀ ਸੀ ਪਰ ਬਚੇ ਸਿੱਖਾਂ ਵਿੱਚ ਸੁਲਘਦੀ ਰਹੀ ਸੀ ਜਿਸ ਨੂੰ ਬਾਬਾ ਬੰਦਾ ਸਿੰਘ ਨਾਲ ਗੁਰੂ ਗੋਬਿੰਦ ਸਿੰਘ ਦੇ ਭੇਜੇ ਹੋਰ ਸਿੱਖਾਂ ਨੇ ਜਾਰੀ ਰੱਖਿਆ। ਇਨ੍ਹਾਂ ਦਾ ਮੋਢੀ ਬਾਬਾ ਬਿਨੋਦ ਸਿੰਘ ਸੀ ਜਿਸ ਦੇ ਅੱਗੋਂ ਇਹ ਲਾਟ ਦੀਵਾਨ ਦਰਬਾਰਾ ਸਿੰਘ ਨੇ ਜਲਾਈ ਰੱਖੀ ਤੇ ਛਾਪਾ ਮਾਰ ਯੁੱਧ ਰਾਹੀਂ ਮੁਗਲਾਂ ਨੂੰ ਵਖਤ ਪਾਈ ਰੱਖਿਆ। ਮੁਗਲਾਂ ਨੇ ਸਿੱਖਾਂ ਨੂੰ ਦਬਾਉਣ ਲਈ ਅੱਤ ਦੇ ਜ਼ੁਲਮ ਕੀਤੇ ਪਰ ਸਿੱਖ ਨਾ ਝੁਕੇ ਤੇ ਨਾ ਦਬੇ। ਲਾਹੌਰ ਦੇ ਗਵਰਨਰ ਮੀਰ ਮਨੂੰ ਵੇਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਪਰ ਸਿੱਖ ਤਾਂ ਮੌਤ ਨੂੰ ਮਾਊਂ ਸਮਝਦੇ ਸਨ ਤੇ ਗਾਉਂਦੇ ਸਨ: ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ। ਜਿਉਂਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ। ਇਹ ਸਮਾਂ 1716 ਤੋਂ ਲੈ ਕੇ 1765 ਈ ਦਾ ਦੌਰ ਸੀ ਜਿਸ ਵਿਚ ਦੋ ਘਲੂਘਾਰੇ ਵੱਡਾ ਤੇ ਛੋਟਾ ਘਲੂਘਾਰਾ ਵੀ ਹੋਏ ਜਿਨ੍ਹਾਂ ਵਿਚ 40 ਹਜ਼ਾਰ ਤੋਂ ਉਪਰ ਸਿੱਖ ਸ਼ਹੀਦ ਹੋਏ। ਪਰ ਇਨ੍ਹਾਂ ਜ਼ੁਲਮਾਂ ਜ਼ਿਆਦਤੀਆਂ ਤੋਂ ਸਿੱਖ ਘਟਣੇ ਤਾਂ ਕੀ ਸੀ ਲਗਾਤਾਰ ਵਧਦੇ ਚਲੇ ਗਏ। ਆਖਰ ਤੰਗ ਆ ਕੇ ਮੁਗਲਾਂ ਨੂੰ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਉਣਾ ਪਿਆ ਤੇ ਉਨ੍ਹਾਂ ਨੇ ਸਿੱਖਾਂ ਨੂੰ ਨਵਾਬੀ ਭੇਟ ਕੀਤੀ ।

ਬਘੇਲ ਸਿੰਘ ਨੇ ਸਿੱਖਾਂ ਦੇ ਅਤਿ ਮੁਸ਼ਕਲਾਂ ਵਾਲੇ ਸਮੇਂ ਸਿੱਖੀ ਦੀਆਂ ਜੜ੍ਹਾਂ ਪੱਕੀਆਂ ਕਰਨ ਵਿੱਚ ਭਰਪੂਰ ਹਿੱਸਾ ਹੀ ਨਹੀਂ ਪਾਇਆ ਸਗੋਂ ਸਿੱਖਾਂ ਦਾ ਪ੍ਰਭਾਵ ਅਵਧ, ਉਤਰਾ-ਖੰਡ ਤੇ ਦਿੱਲੀ ਤੱਕ ਫੈਲਾਇਆ। ਜੇ ਦੁਆਬਾ, ਮਾਝਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਫੈਲਾਉਣ ਦੀ ਪਿੱਠ-ਭੂਮੀ ਬਣੇ, ਮਾਲਵਾ ਫੂਲਕੀਆਂ ਰਿਆਸਤਾਂ ਦੇ ਵਧਣ ਫੂਲਣ ਦਾ ਮੈਦਾਨ ਬਣਿਆ ਤਾਂ ਹਰਿਆਣਾ ਸ੍ਰ: ਬਘੇਲ ਸਿੰਘ ਦੇ ਪ੍ਰਭਾਵ ਵਧਾਉਣ ਦਾ ਧੁਰਾ ਹੈ। ਸਰਦਾਰ ਬਘੇਲ ਸਿੰਘ ਸਦਕਾ ਸਿੱਖਾਂ ਨੇ 17 ਮਾਰਚ, 1783 ਲਾਲ ਕਿਲ੍ਹੇ ਉੱਤੇ ਸਿੱਖ ਝੰਡਾ ਜਾ ਫਹਿਰਾਇਆ। ਦਿੱਲੀ ਉਤੇ ਰਾਜ ਕਰਨ ਦਾ ਸਿੱਖਾਂ ਦਾ ਸੁਪਨਾ ਜਦ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਦੀ ਆਪਸੀ ਖਿੱਚ-ਧੂਹ ਕਰਕੇ ਅਧੂਰਾ ਰਹਿ ਗਿਆ ਤੇ ਧਿਰਾਂ ਵਿੱਚ ਰੰਜਸ਼ ਪੈਦਾ ਹੋ ਗਈ ਤਾਂ ਇਹ ਸ੍ਰ: ਬਘੇਲ ਸਿੰਘ ਹੀ ਸੀ ਜਿਸ ਨੇ ਸਾਰਾ ਮਾਮਲਾ ਸੰਭਾਲਿਆ ਤੇ ਫਿਰ ਸਿੱਖਾਂ ਦਾ ਪ੍ਰਭਾਵ ਦਿੱਲੀ ਉਤੇ ਰਾਖਵਾਂ ਰੱਖਿਆ। ਦਿੱਲੀ ਦੀ ਚੁੰਗੀ ਉਗਰਾਉਣ ਦਾ ਹੱਕ ਉਸ ਨੂੰ ਸਾਰੀ ਉਮਰ ਮਿਲਿਆ ਰਿਹਾ। ਅਵਧ ਤੇ ਉਤਰਾਂਚਲ ਦੇ ਇਲਾਕਿਆਂ ਉਤੇ ਹਮਲੇ ਕਰਕੇ ਰਾਖੀ ਪ੍ਰਬੰਧ ਸਥਾਪਿਤ ਕਰਨ ਵਿੱਚ ਉਹ ਹੀ ਮੋਹਰੀ ਸੀ। ਮਰਾਠਿਆਂ ਨਾਲ ਦਿੱਲੀ ਦੇ ਰਾਜ ਪ੍ਰਬੰਧ ਬਾਰੇ ਸਿੱਖਾਂ ਨਾਲ ਸਮਝੌਤਾ ਹੋਇਆ ਤਾਂ ਇਹ ਬਘੇਲ ਸਿੰਘ ਹੀ ਸੀ ਜਿਸ ਨੇ ਸਿੱਖਾਂ ਵਲੋਂ ਰਾਜ ਦਰਬਾਰ ਉੱਤੇ ਮਰਾਠਿਆਂ ਨਾਲ ਤਿੰਨ ਧਿਰੀ ਸਮਝੌਤਾ ਕੀਤਾ ਜਿਸ ਪਿਛੋਂ ਦਿੱਲੀ ਤੋਂ ਉਤਰ ਵੱਲ ਦਾ ਇਲਾਕਾ ਸਿੱਖਾਂ ਦੇ ਅਧੀਨ ਆ ਗਿਆ ਜਿਸ ਵਿੱਚ ਸਾਰਾ ਹਰਿਆਣਾ ਸ਼ਾਮਿਲ ਸੀ। ਇਸ ਇਲਾਕੇ ਦੇ ਪ੍ਰਬੰਧ ਉਦੋਂ ਤੋਂ ਲੈ ਕੇ ਅੰਗ੍ਰੇਜ਼ੀ ਰਾਜ ਹੋਣ ਤੱਕ ਬਘੇਲ ਸਿੰਘ ਤੇ ਉਸ ਦੇ ਪਰਿਵਾਰ ਕੋਲ ਰਿਹਾ। ਦਿੱਲੀ ਰਾਜ ਵਿੱਚ ਉਸ ਦਾ ਸਦਾ ਪ੍ਰਭਾਵ ਰਿਹਾ।



ਦਿੱਲੀ ਰਾਜ ਦੇ ਪ੍ਰਭਾਵ ਵੇਲੇ ਉਸ ਨੇ ਗੁਰਦੁਆਰਾ ਸੀਸ ਗੰਜ ਤੇ ਹੋਰ ਗੁਰਦੁਆਰਿਆਂ ਦੀ ਖੋਜ ਕੀਤੀ ਤੇ ਸਥਾਨ ਬਣਵਾਏ। ਸਿੱਖੀ ਖ਼ਾਤਰ ਜਨਰਲ ਬਘੇਲ ਸਿੰਘ ਦਾ ਇਹ ਇੱਕ ਸਦਾ ਯਾਦ ਰਹਿਣ ਵਾਲਾ ਯੋਗਦਾਨ ਹੈ। ਸ੍ਰ: ਬਘੇਲ ਸਿੰਘ ਦਾ ਜਨਮ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਤੇ ਪਿੰਡ ਝਬਾਲ ਵਿਖੇ ਧਾਲੀਵਾਲ ਪਰਿਵਾਰ ਵਿੱਚ ਹੋਇਆ। ਉਹ ਤਰੱਕੀ ਕਰਕੇ ਸਤਲੁਜ ਦੇ ਦੱਖਣੀ ਖੇਤਰ ਵਿੱਚ ਇੱਕ ਵੱਡੀ ਸ਼ਕਤੀ ਬਣ ਕੇ ਉਬਰਿਆ। ਹੋਸ਼ ਸੰਭਾਲੀ ਤੇ ਮੁਸ਼ਫੁਟ ਹੁੰਦਿਆਂ ਹੀ ਅੰਮ੍ਰਿਤ ਛਕਿਆ ਤੇ ਦਲ ਖਾਲਸਾ ਦਾ ਮੈਂਬਰ ਬਣ ਗਿਆ ਜੋ ਉਸ ਵੇਲੇ ਸਿੱਖ ਯੋਧਿਆਂ ਦੀ ਨੁਮਾਇੰਦਾ ਜਮਾਤ ਸੀ। ਜਦ ਮਿਸਲਾਂ ਬਣੀਆਂ ਤਾਂ ਉਹ ਕ੍ਰੋੜਸਿੰਘੀਆ ਮਿਸਲ ਵਿੱਚ

ਸ਼ਾਮਲ ਹੋ ਗਿਆ ਜਿਸ ਦਾ ਸਿਰਕਰਦਾ ਜਥੇਦਾਰ ਕ੍ਰੋੜ ਸਿੰਘ ਸੀ।

ਉੱਚਾ ਲੰਮਾ ਸੁਡੌਲ, ਸੁੰਦਰ ਕੱਦ-ਕਾਠ, ਪੱਕਾ ਰੰਗ ਤੇ ਭੂਰੀਆਂ ਅੱਖਾਂ ਵਾਲਾ ਬਹਾਦਰ, ਹੌਂਸਲੇ ਵਾਲਾ, ਖੁੱਲ੍ਹੇ ਦਿਲ ਵਾਲਾ ਇਹ ਚੋਬਰ ਸਾਰੀ ਮਿਸਲ ਦੀ ਖਿੱਚ ਦਾ ਕਾਰਨ ਹੁੰਦਾ ਸੀ। ਘੋੜਸਵਾਰੀ ਕਰਦਾ, ਨਿਸ਼ਾਨੇ ਲਾਉਂਦਾ, ਤਲਵਾਰ ਚਲਾਉਂਦਾ, ਸਭ ਨੂੰ ਮਾਤ ਪਾ ਦਿੰਦਾ ਤੇ ਜੱਥੇਦਾਰ ਦੀ ਵਾਹ-ਵਾਹੀ ਖੱਟਦਾ। ਬਾਹਰੋਂ ਸਖ਼ਤ, ਅੰਦਰੋਂ ਨਰਮ, ਤੇਜ਼-ਤਰਾਰ ਦੂਰ ਦੀ ਸੂਝ ਵਾਲਾ ਦਿਮਾਗ, ਹਰ ਲੋੜਵੰਦ ਦੀ ਮਦਦ ਕਰਨ ਲਈ ਤਤਪਰ, ਮਿੱਠ ਬੋਲੜਾ ਤੇ ਆਦਰ ਦੇਣ ਵਾਲਾ ਇਹ ਯੁਵਕ ਸਭ ਤੋਂ ਇਜ਼ਤ ਖੱਟਦਾ। ਉਹ ਅਜਿਹਾ ਸਿੱਖ ਸੀ ਜੋ ਸਿੱਖੀ ਕਦਰਾਂ ਕੀਮਤਾਂ ਦਾ ਪੱਕਾ ਧਾਰਨੀ ਸੀ। ਉਸ ਉਤੇ ਹਰ ਕੋਈ ਭਰੋਸਾ ਕਰਦਾ ਕਿਉਂਕਿ ਅਗਲੇ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਉਹ ਆਪਣੀ ਜਾਨ ਤੱਕ ਲਾਉਣ ਲਈ ਤਿਆਰ ਹੁੰਦਾ।

ਸਾਰੇ ਧਰਮਾਂ ਦੇ ਲੋਕ ਉਸ ਕੋਲ ਮਦਦ ਲਈ ਪਹੁੰਚਦੇ। ਜਦ ਬੇਗਮ ਸਮਰੋ ਉਪਰ ਅਵਧ ਦੇ ਨਵਾਬ ਨੇ ਇਸ ਨੂੰ ਧਰਮ ਭਰਾ ਬਣਾ ਲਿਆ ਤੇ ਨਵਾਬ ਅਵਧ ਨੇ ਸਿੱਖੀ ਧਾਰਨ ਕਰ ਲਈ। ਜਦ ਅੰਗ੍ਰੇਜ਼ ਥਾਮਸ ਨੇ ਜੀਂਦ ਉਪਰ ਹਮਲਾ ਕਰਕੇ ਆਪਣੇ ਆਪ ਨੂੰ ਮੁਸੀਬਤ ਵਿੱਚ ਫਸਿਆ ਸਮਝਿਆ ਤਾਂ ਉਸ ਨੇ ਵੀ ਬੁੱਢੇ ਜਰਨੈਲ ਬਘੇਲ ਸਿੰਘ ਅੱਗੇ ਮਦਦ ਲਈ ਵਾਸਤੇ ਪਾਏ ਜਿਸ ਦੀ ਬਘੇਲ ਸਿੰਘ ਨੇ ਮਦਦ ਕਰਕੇ ਜਿੱਤ ਦਿਵਾਈ। ਸੰਨ 1765 ਵਿੱਚ ਜਦ ਕ੍ਰੋੜਾ ਸਿੰਘ ਪੰਜਗੜ੍ਹ (ਗੁਰਦਾਸਪੁਰ) ਨਜੀਬ-ਉਦ ਦੌਲਾ ਦੀ ਸੈਨਾ ਵਿਰੁਧ ਲੜਦਾ ਹੋਇਆ ਮਾਰਿਆ ਗਿਆ ਤਾਂ ਜੱਥੇਦਾਰ ਬਘੇਲ ਸਿੰਘ ਨੂੰ ਸਰਬ-ਸੰਮਤੀ ਨਾਲ ਮਿਸਲ ਦਾ ਜੱਥੇਦਾਰ ਚੁਣ ਲਿਆ ਗਿਆ। ਜੇ ਡੀ ਕੋਨੰਘਮ ਅਨੁਸਾਰ ਕਰੋੜਾ ਸਿੰਘ ਨੂੰ ਜੋ ਉਸ ਦਾ ਸਾਥੀ ਸੀ ਅਪਣੇ ਜੱਥੇ ਦੀ ਕਮਾਨ ਸੌਂਪ ਦਿਤੀ ।

ਸੱਠ ਸਾਲ ਉਸ ਨੇ ਇਹ ਜੱਥੇਦਾਰੀ ਨਿਭਾਈ ਤੇ ਇਸ ਮਿਸਲ ਨੂੰ ਆਪਣੀ ਸੂਝ-ਬੂਝ ਨਾਲ ਸਿੱਖਾਂ ਵਿੱਚ ਹੀ ਨਹੀਂ ਸਾਰੇ ਹਿੰਦੁਸਤਾਨ ਵਿੱਚ ਇੱਕ ਉੱਚਾ ਨਾਮ ਦਿੱਤਾ। ਆਪਣੀ ਮਿਸਲ ਨੂੰ ਉਸ ਨੇ ਲਗਾਤਾਰ ਵਧਾਇਆ ਤੇ ਫੈਲਾਇਆ। ਮਹਾਰਾਜਾ ਰਣਜੀਤ ਸਿੰਘ ਨਾਲ ਮਿਲ ਕੇ ਇਸ ਨੇ ਮੁਲਤਾਨ ਤੇ ਨਰੈਣਗੜ੍ਹ ਦੇ ਇਲਾਕੇ ਜਿੱਤੇ।

ਜਦ ਰਾਜਾ ਭਰਤਪੁਰ ਦੇ ਰਾਜੇ ਨੇ ਸ੍ਰ: ਕ੍ਰੋੜ ਸਿੰਘ ਅੱਗੇ ਗੁਜਾਰਿਸ਼ ਕੀਤੀ ਕਿ ਉਸ ਦੀ ਮਦਦ ਕੀਤੀ ਜਾਵੇ ਤਾਂ ਪੰਜ ਸੌ ਸਵਾਰ ਲੈ ਕੇ ਪਹੁੰਚਿਆ। ਬਘੇਲ ਸਿੰਘ ਦਾ ਭਰਵਾਂ ਜੁੱਸਾ, ਉੱਚਾ ਕੱਦ-ਕਾਠ, ਡੀਲ-ਡੌਲ ਵੇਖ ਘੁਮੇਰ ਦਾ ਰਾਜਾ ਡਰ ਗਿਆ ਤੇ ਸ੍ਰ: ਬਘੇਲ ਸਿੰਘ ਨੂੰ ਸੈਨਾ ਵਾਪਿਸ ਲੈ ਜਾਣ ਲਈ ਬਿਨੈ ਕਰਨ ਲੱਗਾ। ਬਘੇਲ ਸਿੰਘ ਨੇ ਮੁਆਵਜਾ ਮੰਗਿਆ ਤਾਂ ਮਿੰਨਤਾਂ ਕਰਨ ਲੱਗਾ। ਜਰਨੈਲ ਬਘੇਲ ਸਿੰਘ ਪਿਘਲ ਗਿਆ ਤੇ ਮੁਆਵਜ਼ੇ ਦਾ ਕੁੱਝ ਕੁ ਹੀ ਹਿੱਸਾ ਵਸੂਲ ਕਰ ਉਸ ਦੀ ਆਉ-ਭਗਤ ਮਾਣ ਵਾਪਿਸ ਪਰਤਿਆ।

ਮੁੜਦੇ ਵਕਤ ਉਸ ਨੇ ਜਲੰਧਰ ਦੁਆਬ ਦੇ ਕੁਝ ਭਾਗਾਂ ਉਤੇ ਅਧਿਕਾਰ ਜਮਾ ਲਿਆ ਅਤੇ ਹੁਸ਼ਿਆਰਪੁਰ ਨੇੜੇ ਆਪਣਾ ਟਿਕਾਣਾ ਬਣਾ ਲਿਆ। ਉਸਨੇ ਆਪਣੀਆਂ ਜਿੱਤਾਂ ਸਤਲੁਜ ਦੇ ਕੰਢਿਆਂ ਤੋਂ ਦੂਰ ਜਲੰਧਰ ਦੁਆਬ ਤਕ ਫੈਲਾ ਲਈਆਂ। ਦੁਆਬ ਵਿਚਲੇ ਇਲਾਕੇ ਤੋਂ ਤੈਵਾਨ ਵਸੂਲਣਾ ਸ਼ੁਰੂ ਕੀਤਾ ਤਾਂ ਤਲਵਾਨ ਦੇ ਸਰਦਾਰ ਮੀਆਂ ਮਹਿਮੂਦ ਖਾਨ ਰਾਜਪੁਰ ਨੇ ਉਸ ਨੂੰ ਵਧੀਆ ਘੋੜਾ ਪੇਸ਼ ਕੀਤਾ ਜਿਸ ਦੀ ਸਵਾਰੀ ਬਘੇਲ ਸਿੰਘ ਲਈ ਮਨ ਭਾਉਂਦੀ ਹੋ ਗਈ। ਉਧਰੋਂ ਜੱਸਾ ਸਿੰਘ ਆਹਲੂਵਾਲੀਆ ਵਲੋਂ ਜਦ ਮੀਆਂ ਮਹਿਮੂਦ ਖਾਨ ਨੂੰ ਧਮਕੀ ਮਿਲੀ ਤਾਂ ਬਘੇਲ ਸਿੰਘ ਦੀ ਸਲਾਹ ਉਤੇ ਇੱਥੇ ਸਿੱਖਾਂ ਦਾ ਇੱਕ ਮਜ਼ਬੂਤ ਕਿਲ੍ਹਾ ਤੇ ਚੌਕੀ ਸਥਾਪਿਤ ਕਰ ਦਿੱਤੀ ਗਈ ਜਿਸ ਨਾਲ ਇਸ ਇਲਾਕੇ ਉਪਰ ਬਘੇਲ ਸਿੰਘ ਦਾ ਪੱਕਾ ਪ੍ਰਭਾਵ ਕਾਇਮ ਹੋ ਗਿਆ ਤੇ ਬਘੇਲ ਸਿੰਘ ਨੂੰ ਇਸ ਦੇ ਇਲਾਕੇ ਤੋਂ ਮੁਆਮਲਾ ਵੀ ਮਿਲਣ ਲੱਗ ਪਿਆ।

ਜਲੰਧਰ ਦੁਆਬ ਤਾਂ ਕ੍ਰੋੜ-ਸਿੰਘੀਆ ਮਿਸਲ ਥੱਲੇ ਪਹਿਲਾਂ ਹੀ ਸੀ, ਜਿਥੋਂ ਇੱਕ ਲੱਖ ਸਾਲਾਨਾ ਤੈਵਾਨ ਮਿਲਦਾ ਸੀ ਜਿਸ ਕਰਕੇ ਬਘੇਲ ਸਿੰਘ ਨੇ ਹੁਸ਼ਿਆਰਪੁਰ ਦੇ ਨੇੜੇ ਹਰਿਆਣਾ ਨੂੰ ਆਪਣਾ ਹੈਡਕੁਆਰਟਰ ਬਣਾ ਲਿਆ ਤੇ ਆਪਣੀ ਪਤਨੀ ਰੂਪ ਕੌਰ ਨੂੰ ਮੁੱਖ ਪ੍ਰਬੰਧਕ ਥਾਪ ਦਿੱਤਾ।

ਜਨਵਰੀ 1769 ਵਿਚ ਉਸ ਨੇ ਕਰਨਾਲ ਤੱਕ ਹਮਲਾ ਕਰਕੇ ਖੁਰਦੀਨ, ਖਨੌਰੀ, ਛਲੌਂਦੀ, ਜਮੈਤਗੜ੍ਹ ਆਦਿ ਦੇ ਇਲਾਕੇ ਜਿਨ੍ਹਾਂ ਦੀ ਸਾਲਾਨਾ ਆਮਦਨ ਤਿੰਨ ਲੱਖ ਸੀ, ਜਿੱਤ ਕੇ ਆਪਣੇ ਕਬਜ਼ੇ ਵਿੱਚ ਕਰ ਲਏ ਤੇ ਛਛਲੌਂਦੀ ਜੋ ਕਰਨਾਲ ਤੋਂ 20 ਮੀਲ ਜਗਾਧਰੀ ਵਾਲੀ ਸੜਕ ਤੇ ਹੈ ਵਿੱਚ ਆਪਣੀ ਰਿਹਾਇਸ਼ ਰੱਖ ਲਈ ਅਤੇ ਇਸੇ ਨੂੰ ਆਪਣੀ ਰਾਜਧਾਨੀ ਬਣਾ ਕੇ ਤੇ ਕਈ ਪਿੰਡ ਹੋਰ ਆਪਣੇ ਕਬਜ਼ੇ ਵਿੱਚ ਕਰ ਲਏ। ਇਸ ਵੇਲੇ ਤੱਕ ਉਸ ਕੋਲ 12,000 ਘੋੜ ਸਵਾਰਾਂ ਤੋਂ ਇਲਾਵਾ ਬਹੁਤ ਵੱਡੀ ਪੈਦਲ ਫੌਜ ਸੀ।(5) ਇਹ ਸਾਰਾ ਇਲਾਕਾ ਉਸ ਨੇ ਆਪਣੀ ਦੂਸਰੀ ਪਤਨੀ ਰਾਮ ਕੌਰ ਦੀ ਜ਼ਿੰਮੇਵਾਰੀ ਵਿੱਚ ਦੇ ਦਿੱਤਾ। ਤੀਸਰੀ ਪਤਨੀ ਰਤਨ ਕੌਰ ਨੂੰ ਕਲਾਨੌਰ ਦਾ ਇਲਾਕਾ ਸੰਭਾਲ ਦਿੱਤਾ ਤੇ ਆਪਣੇ ਆਪ ਨੂੰ ਸਾਰੇ ਇਲਾਕਿਆਂ ਨੂੰ ਬਾਹਰੀ ਹਮਲਿਆਂ ਤੋਂ ਰੋਕਣ ਤੇ ਇਲਾਕੇ ਨੂੰ ਹੋਰ ਵਧਾਉਣ ਲਈ ਵਿਹਲਾ ਰੱਖਿਆ।

ਮਹਾਰਾਜਾ ਅਮਰ ਸਿੰਘ ਪਟਿਆਲੇ ਨੇ ਜਦ ਉਸ ਦੇ ਇਲਾਕੇ ਨੂੰ ਹਥਿਆਇਆ ਤਾਂ ਸ੍ਰ: ਬਘੇਲ ਸਿੰਘ ਭਾਰੀ ਫੌਜ ਲੈ ਕੇ ਉਸ ਉਪਰ ਚੜ੍ਹ ਪਿਆ। ਜੱਸਾ ਸਿੰਘ ਆਹਲੂਵਾਲੀਆ ਤੇ ਚੈਨ ਸਿੰਘ ਵਕੀਲ ਦੀ ਵਿਚੋਲਗੀ ਸਦਕਾ ਮਹਾਰਾਜਾ ਅਮਰ ਸਿੰਘ ਨੇ ਇਲਾਕੇ ਵੀ ਮੋੜ ਦਿੱਤੇ ਤੇ ਆਪਣੇ ਵਕੀਲ ਨੂੰ ਭੇਜਿਆ ਜਿਸ ਨੇ, "ਸਿੰਘ ਜੀ, ਰੁਕੋ, ਅਗਿਉਂ ਵੀ ਪੰਥ ਦੇ ਸੇਵਕ ਹਨ। ਜੋ ਹੁਕਮ ਹੋਵੇ। ਇਸ ਪਿਛੋਂ ਰਾਜਾ ਅਮਰ ਸਿੰਘ ਨੇ ਆਪਣੇ ਸਪੁੱਤਰ ਸਾਹਿਬ ਸਿੰਘ ਨੂੰ ਸ੍ਰ: ਬਘੇਲ ਸਿੰਘ ਕੋਲੋਂ ਅੰਮ੍ਰਿਤ ਛਕਾ ਕੇ ਅੰਮ੍ਰਿਤਧਾਰੀ ਬਣਵਾ ਦਿੱਤਾ। ਦੋਵਾਂ ਵਿੱਚ ਸਦੀਵੀ ਸਾਂਝ ਹੋ ਗਈ।

ਸਰਹਿੰਦ ਉਤੇ ਹਮਲੇ ਕਰਕੇ, ਸਰਹਿੰਦ ਦਾ ਸਾਰਾ ਹਿੱਸਾ ਸਿੱਖ ਮਿਸਲਾਂ ਨੇ ਵੰਡ ਲਿਆ ਤੇ ਸਾਰਾ ਪੰਜਾਬ ਮਿਸਲਾਂ ਅਧੀਨ ਹੋ ਗਿਆ ਤਾਂ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲਕੇ 40,000 ਦੀ ਫੌਜ ਲੈ ਕੇ ਸਹਾਰਨਪੁਰ, ਮੁਜ਼ੱਫਰਪੁਰ ਤੇ ਮੇਰਠ ਦੇ ਇਲਾਕੇ ਵਿੱਚ 20 ਫਰਵਰੀ 1764 ਤੋਂ ਹੱਲਾ ਸ਼ੁਰੂ ਕਰ ਦਿੱਤਾ। ਫਿਰ ਗੰਗਾ ਪਾਰ ਕਰਕੇ ਨਜੀਬਾਬਾਦ, ਮੁਰਾਦਾਬਾਦ ਤੇ ਅਨੂਪ ਸ਼ਹਿਰ ਦੇ ਇਲਾਕਿਆਂ ਉਪਰ ਆਪਣਾ ਰਾਖੀ ਪ੍ਰਬੰਧ ਜਮਾ ਕੇ ਦੋ ਮਹੀਨਿਆਂ ਪਿਛੋਂ ਪਰਤੇ। ਸੰਨ 1775 ਵਿੱਚ ਬਿਆਸ ਦੇ ਆਸ ਪਾਸ ਦਾ ਇਲਾਕਾ ਤੇ ਸੰਨ 1792 ਵਿੱਚ ਉਸ ਨੇ ਤਰਨਤਾਰਨ, ਸਭਰਾਉਂ ਤੇ ਸਰਹਾਲੀ ਆਪਣੇ ਕਬਜ਼ੇ ਵਿੱਚ ਕੀਤੇ।

ਸੰਨ 1761 ਤੋਂ 1770 ਤੱਕ ਅਵਧ ਦਾ ਨਵਾਬ ਨਜੀਬ-ਉ-ਦੌਲਾ, ਦਿੱਲੀ ਦਾ ਪ੍ਰਬੰਧ ਦੇਖ ਰਿਹਾ ਸੀ। ਜਦ ਸਿੱਖਾਂ ਨੇ ਇਸ ਦੇ ਇਲਾਕੇ ਨੂੰ ਕਬਜ਼ੇ

**ਨਵੰਬਰ 1779 ਨੂੰ ਨਜ਼ਫ ਖਾਨ ਨੇ ਆਪਣੇ ਪੋਤਰੇ ਮਿਰਜ਼ਾ ਸਫੀ ਨੂੰ ਦਸ ਹਜ਼ਾਰ ਸੈਨਾ ਤੇ ਸੈਂਕੜੇ ਤੋਪਾਂ ਨਾਲ ਸਿੱਖਾਂ ਨੂੰ ਕੁਚਲਣ ਲਈ ਭੇਜਿਆ। ਮਿਰਜ਼ਾ ਸ਼ਫੀ ਨੇ ਚਲਾਕੀ ਨਾਲ ਕਈ ਸਿੱਖ ਸਰਦਾਰ ਵੀ ਨਾਲ ਮਿਲਾ ਲਏ। ਇਸ ਹਾਲਤ ਵਿੱਚ ਬਘੇਲ ਸਿੰਘ ਨੇ ਸ਼ਾਹੀ ਸੈਨਾ ਉੱਤੇ ਸਿੱਧੇ ਹਮਲੇ ਦੀ ਥਾਂ ਗੁਰੀਲਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਏਧਰ ਮਿਰਜ਼ਾ ਸਫੀ ਨੇ ਵੀ ਸਿੱਖਾਂ ਵਾਲਾ ਗੁਰੀਲਾ ਯੁੱਧ ਹੀ ਅਪਨਾਉਣਾ ਠੀਕ ਸਮਝਿਆ। ਮਹਾਰਾਜਾ ਪਟਿਆਲਾ ਤੇ ਮਹਾਰਾਜਾ ਜੀਂਦ ਦੀ ਸਿੱਖਾਂ ਨਾਲ ਅਣਬਣ ਦਾ ਵੀ ਉਸ ਨੇ ਫਾਇਦਾ ਉਠਾਇਆ। ਜ਼ਾਬਿਤਾ ਖਾਨ ਨੇ ਦੀਵਾਨ ਸਿੰਘ ਨਾਲ ਮਿਲ ਕੇ ਬਘੇਲ ਸਿੰਘ ਵਿਰੁੱਧ ਯੁੱਧ ਛੇੜ ਦਿੱਤਾ। ਬਘੇਲ ਸਿੰਘ ਨਾਲ ਉਸ ਵੇਲੇ ਸਦਾ ਸਿੰਘ, ਦੂਲਾ ਸਿੰਘ, ਕਰਮ ਸਿੰਘ ਸ਼ਹੀਦ, ਗੁਰਬਖਸ਼ ਸਿੰਘ, ਲਾਲ ਸਿੰਘ ਤੇ ਕਰਨ ਸਿੰਘ ਆ ਜੁੜੇ। 6800 ਘੋੜ ਸਵਾਰਾਂ ਨਾਲ ਉਨ੍ਹਾਂ ਨੇ ਜਮਨਾ ਪਾਰ ਹਮਲੇ ਦੀ ਠਾਣੀ ਤਾਂ ਕਿ ਮਿਰਜ਼ਾ ਸ਼ਫੀ ਨੂੰ ਪਿਛੋਂ ਘੇਰਿਆ ਜਾ ਸਕੇ। 25 ਫਰਵਰੀ, 1781 ਨੂੰ ਰਡੌਰ ਦੇ ਕੈਂਪ ਤੇ ਫਿਰ 28 ਫਰਵਰੀ ਨੂੰ ਸਿਕੰਦਰਾ ਦੇ ਕੈਂਪ ਉੱਤੇ ਹਮਲਾ ਕੀਤਾ ਜਿਸ ਨਾਲ ਮਿਰਜਾ ਸ਼ਫੀ ਹਿੱਲ ਗਿਆ। ਸਿੱਖਾਂ ਨੇ 11 ਮਾਰਚ ਨੂੰ ਹਮਲੇ ਵਿੱਚ 3000 ਘੋੜੇ ਹਥਿਆ ਲਏ।**

ਵਿੱਚ ਲਿਆ ਤਾਂ ਤਬਾਹੀ ਤੋਂ ਡਰਦੇ ਨੇ ਗਿਆਰਾਂ ਲੱਖ ਸਾਲਾਨਾ ਤੈਵਾਨ ਦੇਣਾ ਮੰਨ ਕੇ ਸਿੱਖਾਂ ਤੋਂ ਆਪਣੀ ਜਾਨ ਬਖਸ਼ੀ ਕਰਵਾਈ।

ਜਦ ਇੱਕ ਬ੍ਰਾਹਮਣ ਸੰਨ 1766 ਵਿੱਚ ਅੰਮ੍ਰਿਤਸਰ ਅਕਾਲ ਤਖ਼ਤ 'ਤੇ ਫਰਿਆਦ ਲੈ ਕੇ ਆਇਆ ਕਿ ਸਯਦ ਮੁਹੰਮਦ ਹਸਨ ਖਾਨ, ਉਸ ਦੀ ਲੜਕੀ ਨੂੰ ਡੋਲੇ ਵਿੱਚ ਪਾ ਕੇ ਲੈ ਗਿਆ ਹੈ ਤੇ ਮੁਸਲਮਾਨ ਬਣਨ ਲਈ ਦੁੱਖੀ ਕਰ ਰਿਹਾ ਹੈ ਤਾਂ ਜੱਥੇਦਾਰ ਬਘੇਲ ਸਿੰਘ ਦਲ ਖਾਲਸਾ ਦੇ ਹੋਰ ਜਥੇਦਾਰਾਂ ਨਾਲ ਹਸਨ ਖਾਨ ਉੱਤੇ ਚੜ੍ਹ ਪਿਆ ਤੇ ਲੜਕੀ ਨੂੰ ਛੁਡਵਾਇਆ। ਇਸ ਪਿਛੋਂ ਜਦ ਵੀ ਕੋਈ ਕਿਸੇ ਦੀ ਧੀ ਭੈਣ ਦੀ ਇੱਜ਼ਤ ਨਾਲ ਖੇਡਣ ਦੀ ਕੋਸ਼ਿਸ਼ ਕਰਦਾ, ਉਹ ਬਿਨੈ ਲੈ ਕੇ ਬਘੇਲ ਸਿੰਘ ਕੋਲ ਪਹੁੰਚ ਜਾਂਦੇ। ਬਘੇਲ ਸਿੰਘ ਧੀਆਂ ਭੈਣਾਂ ਦੀ ਆਬਰੂ ਦਾ ਮੁਜਸਮਾ ਬਣ ਗਿਆ। ਸਤਲੁਜ ਤੇ ਗੰਗਾ ਦੁਆਬ ਦੇ ਇਲਾਕੇ ਦਾ ਸਮੁੱਚਾ ਕੰਟਰੋਲ ਸ੍ਰ: ਬਘੇਲ ਸਿੰਘ ਹੱਥ ਸੌਂਪ ਦਿੱਤਾ ਗਿਆ। ਪੰਥ ਪ੍ਰਕਾਸ਼ ਅਨੁਸਾਰ ਹਸਨ ਖਾਨ ਭੱਜ ਕੇ ਛੁਪ ਗਿਆ ਤੇ ਉਸ ਦੀ ਛਿਪਣ ਵਾਲੀ ਥਾਂ ਨੂੰ ਅੱਗ ਲਾ ਦਿੱਤੀ ਗਈ ਤਾਂ ਉਹ ਵਿੱਚੇ ਹੀ ਸੜ ਗਿਆ। ਇਸ ਇਲਾਕੇ ਦੇ ਪ੍ਰਭਾਵੀ ਵਿਅਕਤੀ ਦਾ ਸਮੁੱਚਾ ਪ੍ਰਭਾਵ ਉਦੋਂ ਤੋਂ ਸਿੱਖਾਂ ਹੱਥ ਆ ਗਿਆ।

ਬਘੇਲ ਸਿੰਘ ਨੇ ਦੂਸਰੇ ਸਿੱਖ ਸਰਦਾਰਾਂ ਨਾਲ ਮਿਲ ਕੇ ਫਿਰ ਜਮਨਾ ਪਾਰ ਕਰਕੇ ਮਈ 1767 ਨੂੰ ਇਲਾਕੇ ਜਾ ਮੱਲੇ ਤੇ ਖੂਬ ਲੁੱਟੇ।ਉਸ ਨੇ ਸਿੱਖਾਂ ਵਿਰੁਧ ਜਹਾਨ ਖਾਂ ਨੂੰ ਨਜੀਬ-ਉਦ-ਦੌਲਾ ਦੀ ਸਹਾਇਤਾ ਤੇ ਭੇਜਿਆ। ਜਹਾਨ ਖਾਨ ਨੇ ਸਿੱਖਾਂ ਉਪਰ ਸ਼ਾਮਲੀ ਤੇ ਦੇਰਾਨਾ ਦੇ ਵਿਚਕਾਰ ਹਮਲਾ ਕੀਤਾ। ਇਹ ਬੜੀ ਸਖਤ ਮੁੱਠਭੇੜ ਸੀ ਜਿਸ ਵਿੱਚ ਬਘੇਲ ਸਿੰਘ ਜ਼ਖਮੀ ਹੋ ਗਿਆ। ਫਿਰ ਬਘੇਲ ਸਿੰਘ ਪੰਜਾਬ ਮੁੜ ਆਇਆ।

ਅਹਿਮਦ ਸ਼ਾਹ ਦੁੱਰਾਨੀ ਨਾਦਿਰ ਸ਼ਾਹ ਦੀ ਮੌਤ ਤੋਂ ਬਾਅਦ ਅਫਗਾਨਿਸਤਾਨ ਦਾ ਰਾਜਾ ਬਣਿਆ। ਛਾਪਾ ਮਾਰਨ ਅਤੇ ਲੁੱਟਣ ਉਸ ਦਾ ਪੈਂਤੜਾ ਅਟੱਲ ਸੀ। ਉਸਨੇ 1748 ਤੋਂ 1767 ਤੱਕ ਨੌਂ ਵਾਰ ਭਾਰਤ ਤੇ ਛਾਪਾ ਮਾਰਿਆ।1748 ਵਿਚ ਭਾਰਤ ਉੱਤੇ ਪਹਿਲੇ ਹਮਲੇ ਵਿਚ ਉਹ ਮਨੂਪੁਰ ਵਿਖੇ ਹਾਰ ਗਿਆ। ਉਸਨੇ ਹਾਰ ਦਾ ਬਦਲਾ ਲੈਣ ਲਈ ਦੂਜੀ ਵਾਰ ਛਾਪਾ ਮਾਰਿਆ ਅਤੇ ਸਿੰਧ ਦੇ ਪੱਛਮ ਦਾ ਕਬਜ਼ਾ ਲੈ ਲਿਆ। ਤੀਸਰੇ ਹਮਲੇ (1752) ਵਿਚ ਮੀਰ ਮਨੂੰ ਸੂਬੇਦਾਰ ਲਾਹੌਰ ਉੱਤੇ ਛਾਪਾ ਮਾਰ ਕੇ ਲਾਹੌਰ ਅਤੇ ਮੁਲਤਾਨ ਦਾ ਕਬਜ਼ਾ ਲੈ ਲਿਆ। ਚੌਥੇ ਹਮਲੇ (1755) ਵਿਚ ਇਹ ਸਿੱਖਾਂ ਦੁਆਰਾ ਸਬਜ਼ਵਾਰ ਦੀ ਲੜਾਈ ਵਿਚ ਹਾਰ ਗਿਆ ਪਰ 1756 ਵਿਚ ਮੀਰ ਮਨੂੰ ਦੀ ਪਤਨੀ ਮੁਗਲਾਨੀ ਬੇਗਮ ਦੇ ਸੱਦੇ ਉਤੇ ਆਪਣੇ ਬੇਟੇ ਤੈਮੂਰ ਦੇ ਨਾਲ ਦੁਬਾਰਾ ਹਮਲਾ ਕਰ ਦਿੱਤਾ ਅਤੇ ਲਾਹੌਰ, ਸਰਹਿੰਦ, ਦਿੱਲੀ, ਮਥੁਰਾ, ਵਰਿੰਦਾਵਨ ਆਗਰਾ ਨੂੰ ਲੁੱਟ ਲਿਆ। ਸਵਰਗਵਾਸੀ ਮੁਹੰਮਦ ਸ਼ਾਹ ਅਤੇ ਅਲਮਗੀਰ ਦੀਆਂ ਧੀਆਂ ਸਮੇਤ ਮਥੁਰਾ ਵਰਿੰਦਾਵਨ ਅਤੇ ਆਗਰਾ ਦੇ ਸ਼ਹਿਰਾਂ ਦੀਆਂ 17000 ਹਿੰਦੂ ਲੜਕੀਆਂ ਨੂੰ ਗੁਲਾਮ ਬਣਾਇਆ, ਸਿੱਖ ਫੌਜਾਂ ਅਦੀਨਾ ਬੇਗ ਦੀਆਂ ਫੌਜਾਂ ਨਾਲ ਮਿਲ ਕੇ ਹੁਸ਼ਿਆਰਪੁਰ ਵਿਖੇ ਅਫਗਾਨਾਂ ਵਿਰੁੱਧ ਲੜੀਆਂ ਅਤੇ ਤੈਮੂਰ ਨੂੰ ਹਰਾਇਆ ਅਤੇ 20,000 ਤੈਮੂਰ ਸ਼ਾਹ ਦੁੱਰਾਨੀ ਦੇ ਘੋੜ ਸਵਾਰ ਫੌਜਾਂ ਉੱਤੇ ਕਬਜ਼ਾ ਕਰ ਲਿਆ।

ਪੰਜਾਬ ਆ ਕੇ ਬਘੇਲ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚੱਕੀਆਂ ਨਾਲ ਮਿਲ ਕੇ ਅਬਦਾਲੀ ਉਪਰ ਉਸ ਦੇ ਨੌਂਵੇਂ ਹਮਲੇ ਸਮੇਂ ਦਰਿਆ ਜਿਹਲਮ ਦੇ ਕਿਨਾਰੇ 'ਤੇ ਜਾ ਧਾਵਾ ਬੋਲਿਆ। ਫਿਰ ਇਨ੍ਹਾਂ ਤਿਨਾਂ ਨੇ ਮਿਲਕੇ ਦੁਰਾਨੀ ਫੌਜਾਂ ਦਾ ਪਿੱਛਾ ਕੀਤਾ, ਉਨ੍ਹਾਂ ਨੂੰ ਹਰਾਇਆ ਅਤੇ ਪਹਿਲਾਂ ਮਥੁਰਾ, ਵਰਿੰਦਾਵਨ, ਆਗਰਾ ਅਤੇ ਦਿੱਲੀ ਤੋਂ ਫੜੀਆਂ ਗਈਆਂ 17000 ਲੜਕੀਆਂ ਨੂੰ ਰਿਹਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਹਰੇਕ ਦੇ ਘਰ ਭੇਜਣ ਦਾ ਪ੍ਰਬੰਧ ਕੀਤਾ। ਬਹੁਤ ਭਾਰੀ ਗਿਣਤੀ ਵਿੱਚ ਕੈਦ ਕੀਤੇ ਆਦਮੀ ਅਤੇ ਇਸਤਰੀਆਂ (ਢੱਕਾਂ) ਛੁੜਾ ਲਈਆਂ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਸੁਰਖਿਅਤ ਪਹੁੰਚਾਇਆ। ਬਾਅਦ ਵਿੱਚ ਇਸ ਥਾਂ ਗੁਰਦਵਾਰਾ ਸਾਹਿਬ ਸਥਾਪਿਤ ਹੋਇਆ। ਇਹ ਰਿਹਾਈ ਪਾਕਿਸਤਾਨ ਦੇ ਵਜ਼ੀਰਾਬਾਦ ਤੋਂ 15 ਕਿਲੋਮੀਟਰ ਦੂਰ ਗੁਜਰਾਤ ਵਿਖੇ ਹੋਈ । ਇਸ ਹੋਈ ਲੜਾਈ ਵਿਚ ਜਿਥੇ ਸਿਖਾਂ ਨੇ ਬਹੁਤ ਵੱਡੀਆਂ ਸ਼ਹੀਦੀਆਂ ਦਿੱਤੀਆਂ। ਸ਼ਹੀਦੀ ਗੁਰਦੁਆਰਾ ਫਤਹਿਸਰ ਲੜਕੀਆਂ ਦੀ ਰਿਹਾਈ ਦੀ ਲੜਾਈ ਵਿਚ ਸ਼ਹੀਦੀਆਂ ਦੀ ਯਾਦ ਵਿਚ ਬਣਾਇਆ ਗਿਆ।

ਇਹ ਗੁਰਦੁਆਰਾ 19 ਸਦੀ ਵਿੱਚ ਮੌਜੂਦ ਸੀ ਪਰ ਪਹਿਲਾਂ ਸਨਿਆਸੀਆਂ ਅਤੇ ਫਿਰ ਉਦਾਸੀਆਂ ਦੁਆਰਾ ਇਸ ਨੂੰ ਸੰਭਾਲ ਲਿਆ ਗਿਆ। ਹੌਲੀ-ਹੌਲੀ ਇਸ ਸਿੱਖ ਗੁਰਦੁਆਰੇ ਵਿਚ ਹਿੰਦੂ ਰੀਤੀ ਰਿਵਾਜ ਅਤੇ ਮੂਰਤੀ ਪੂਜਾ ਵੀ ਅਰੰਭ ਹੋ ਗਈ ਅਤੇ ਇਸ ਨੂੰ ਸ਼ਿਵ ਮੰਦਰ ਵਿਚ ਬਦਲ ਦਿੱਤਾ ਗਿਆ ਹਾਲਾਂਕਿ, ਇਸ ਨੂੰ 1947 ਵਿਚ ਖਾਲੀ ਕਰਨਾ ਪਿਆ ਸੀ ਜਿਸ ਦੇ ਬਾਅਦ ਇਸਦੀ ਕਿਸਮਤ ਪਤਾ ਨਹੀਂ ਲਗਦੀ। ਗੁਰਦੁਆਰਾ ਸ਼ਹੀਦਾਂ ਫਤਹਿਸਰ, ਗੁਰਦੁਆਰਾ ਦਮਦਮਾ ਸਾਹਿਬ ਛੇਵੇਂ ਗੁਰੂ ਜੀ ਤੋਂ 400 ਕਰਮ ਸੀ। ਲੜਕੀਆਂ ਦੀ ਇਸ ਰਿਹਾਈ ਤੇ ਉਨ੍ਹਾਂ ਨੂੰ ਖਤਮ ਕਰਨ ਦੇ ਉਦੇਸ਼ ਨਾਲ ਦੁਰਾਨੀ ਨੇ ਸਿੱਖਾਂ ਉਤੇ 1762 ਵਿਚ ਬਹੁਤ ਵੱਡੀਆਂ ਫੌਜਾਂ ਨਾਲ ਹਮਲਾ ਕੀਤਾ ਅਤੇ ਘੱਲੂਘਾਰੇ ਵਿਚ 30,000 ਤੋਂ ਵੱਧ ਸਿੱਖਾਂ ਨੂੰ ਮਾਰ ਦਿੱਤਾ। ਸਿੱਖਾਂ ਨੇ ਜਦੋਂ ਦੁਰਾਨੀ ਨੂੰ ਲਾਹੌਰ ਪਾਰ ਕਰਨ ਨਹੀਂ ਦਿੱਤਾ ਅਤੇ ਉਸ ਉਤੇ ਹਮਲਾ ਕਰ ਦਿੱਤਾ ਅਤੇ ਲਾਹੌਰ ਮਾਰ ਲਿਆ ।

ਸਿੱਖਾਂ ਦਾ ਦਿੱਲੀ ਉਪਰ ਹਮਲਾ 18 ਜਨਵਰੀ, 1774 ਨੂੰ ਸੀ ਜੋ ਜਨਰਲ ਬਘੇਲ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਬਾਦਸ਼ਾਹ ਨੇ ਬਘੇਲ ਸਿੰਘ ਨੂੰ ਸਨਮਾਨ ਸਹਿਤ ਬੁਲਾਇਆ ਤੇ ਦਸ ਹਜ਼ਾਰ ਘੋੜ ਸਵਾਰਾਂ ਨਾਲ ਉਨ੍ਹਾਂ ਦੀ ਰਖਵਾਲੀ ਕਰਨ ਲਈ ਕਿਹਾ ਜਿਸ ਲਈ ਸ਼ਾਹਬਾਜ਼ਪੁਰ ਦਾ ਇਲਾਕਾ ਬਘੇਲ ਸਿੰਘ ਨੂੰ ਸੌਂਪਿਆ ਜਾਣਾ ਸੀ ਪਰ ਬਘੇਲ ਸਿੰਘ ਨੇ ਇਹ ਨਾ ਮੰਨਜ਼ੂਰ ਕਰ ਦਿੱਤਾ ਤੇ ਖਿਲਅਤ ਤੇ ਹੋਰ ਤੋਹਫੇ ਲੈ ਕੇ ਵਾਪਸ ਆ ਗਿਆ। ਬਾਦਸ਼ਾਹ ਨੇ ਬੇਗਮ ਸਮਰੋ (ਸਰਧਾਨਾ ਦੀ ਬੇਗਮ) ਜੋ ਬਘੇਲ ਸਿੰਘ ਦੀ ਧਰਮ ਭੈਣ ਬਣੀ ਹੋਈ ਸੀ ਨੂੰ ਬਿਨੈ ਕੀਤੀ ਕਿ ਉਹ ਬਘੇਲ ਸਿੰਘ ਨਾਲ ਸਮਝੌਤਾ ਕਰਵਾਵੇ। ਦਿੱਲੀ ਤੋਂ ਮੁੜਦੇ ਵੇਲੇ ਬਘੇਲ ਸਿੰਘ ਨੇ ਦਿਉਬੰਦ ਤੇ ਸਹਾਰਨਪੁਰ ਨੂੰ ਲੁੱਟ ਕੇ ਗੌਂਸਗੜ੍ਹ ਦੇ ਨਵਾਬ ਤੋਂ 50 ਹਜ਼ਾਰ ਉਗਰਾਹੇ।

ਸੰਨ 1775 ਵਿੱਚ ਜਮਨਾ ਪਾਰ ਵੱਲ ਸਿੱਖ ਵਧੇ। 22 ਅਪ੍ਰੈਲ, 1775 ਨੂੰ ਉਸ ਨੇ ਤਾਰਾ ਸਿੰਘ ਘੇਬਾ ਤੇ ਰਾਏ ਸਿੰਘ ਭੰਗੀ ਨੂੰ ਨਾਲ ਲੈ ਕੇ ਬੇਗੀ ਦੇ ਪੱਤਣ ਤੇ ਕੁੰਜਪੁਰਾ ਤੋਂ ਜਮਨਾ ਪਾਰ ਕੀਤੀ ਤੇ ਲਖਨੌਤੀ, ਗੰਗੋਹ, ਅੰਬੇਟਾ, ਗੌਸਗੜ੍ਹ, ਨਨੌਤਾ ਤੇ ਹੋਰ ਕਈ ਥਾਵਾਂ ਲੁੱਟੀਆ ਤੇ ਦੇਵਬੰਦ ਉਤੇ ਹਮਲਾ ਜਾ ਕੀਤਾ ਤੇ ਹੋਰ ਇਲਾਕੇ ਕਬਜ਼ੇ ਵਿੱਚ ਕੀਤੇ। ਨਜੀਬ ਖਾਨ ਦੇ ਪੁੱਤਰ ਅਤੇ ਉਤਰਾ ਅਧਿਕਾਰੀ ਜ਼ਾਬਿਤਾ ਖਾਨ ਰੋਹਿਲੇ ਨੇ ਗੌਂਸਗੜ੍ਹ ਬਚਾਉਣ ਲਈ 50 ਹਜ਼ਾਰ ਰੁਪਏ ਸਿੱਖਾਂ ਨੂੰ ਸਾਲਾਨਾ ਤੈਵਾਨ ਦੇਣਾ ਮੰਨਿਆ। ਫਿਰ ਉਸਨੇ ਸਾਂਝੇ ਤੌਰ ਤੇ ਖਾਲਸਾ ਭੂਮੀ (ਬਾਦਸ਼ਾਹੀ ਜ਼ਮੀਨ) ਰਲਕੇ ਲੁੱਟਣ ਦੀ ਤਜ਼ਵੀਜ਼ ਰੱਖੀ।ਫਿਰ ਸ਼ਾਮਲੀ, ਕਾਂਧਲਾ ਤੇ ਮੇਰਠ ਹੁੰਦੇ ਹੋਏ ਅਲੀਗੜ੍ਹ ਕੋਲ ਖੁਰਜਾ ਤੱਕ ਆਪਣਾ ਪ੍ਰਭਾਵ

**ਸੰਨ 1779 ਈ: ਵਿਚ ਜਦ ਸ਼ਹਿਜ਼ਾਦਾ ਫਰਖੰਦਾ ਬਕਤ ਤੇ ਵਜ਼ੀਰ ਅਬਦੁਲ ਅਹਿਦ ਦੀ ਅਗਵਾਈ ਵਿਚ ਸਤਲੁਜ ਦੇ ਦੱਖਣ ਦੀਆਂ ਰਿਆਸਤਾਂ ਤੇ ਮੁਗਲ ਫੌਜਾਂ ਨੇ ਹਮਲਾ ਕੀਤਾ ਤਾਂ ਬਘੇਲ ਸਿੰਘ ਨੇ ਰਾਏ ਸਿੰਘ ਬੂੜੀਆਂ ਤੇ ਭੰਗਾ ਸਿੰਘ ਥਾਨੇਸਰ ਵੀ ਉਸ ਨਾਲ ਜਾ ਰਲੇ ਤੇ ਪਟਿਆਲੇ ਨੂੰ ਜਾ ਘੇਰਾ ਪਾਇਆ। ਇਸ ਸੰਕਟ ਦੀ ਘੜੀ ਵਿੱਚ ਰਾਜਾ ਅਮਰ ਸਿੰਘ ਪਟਿਆਲਾ ਨੇ ਲਹਿਨ ਦੇ ਅਸਥਾਨ ਤੇ ਜਾ ਕੇ ਬਘੇਲ ਸਿੰਘ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਆਪਣੇ ਵੱਲ ਕਰ ਲਿਆ। ਅਮਰ ਸਿੰਘ ਦੇ ਬੇਟੇ ਸਾਹਿਬ ਸਿੰਘ ਨੇ ਬਘੇਲ ਸਿੰਘ ਹੱਥੋਂ ਅੰਮ੍ਰਿਤਪਾਨ ਕੀਤਾ ਤੇ ਸਿੰਘ ਸਜ ਗਿਆ। ਅਮਰ ਸਿੰਘ ਨੂੰ ਸਤਲੁਜ ਤੋਂ ਉਤਰਦੇ ਸਿੱਖ ਸਰਦਾਰਾਂ ਦੀ ਸਹਾਇਤਾ ਪ੍ਰਾਪਤ ਹੋ ਗਈ। ਬਘੇਲ ਸਿੰਘ ਨੇ ਵੀ ਇਸ ਸਮੇਂ ਸਿੱਖਾਂ ਦਾ ਸਾਥ ਦੇ ਕੇ ਪਾਸਾ ਪਲਟ ਦਿਤਾ ਤੇ ਮੁਗਲ ਫੌਜ ਨੇ ਭਾਰੀ ਨੁਕਸਾਨ ਉਠਾ ਕੇ, ਮਾਲ ਮੱਤਾ ਗੁਆ ਕੇ, ਭੱਜ ਕੇ ਜਾਨਾਂ ਬਚਾਈਆਂ।**

ਜਮਾਇਆ ਤੇ ਆਉਂਦਿਆਂ ਹੋਇਆਂ ਦਿੱਲੀ ਦੇ ਪਹਾੜ ਗੰਜ ਤੇ ਜੈ ਸਿੰਘਪੁਰ ਨੂੰ ਲਤਾੜਿਆ। ਹੁਣ ਤਾਂ ਗੰਗਾ ਜਮੁਨਾ ਦੁਆਬ ਉਨ੍ਹਾਂ ਦੇ ਰਹਿਮੋ ਕਰਮ 'ਤੇ ਸੀ।

24 ਜੁਲਾਈ, 1775 ਨੂੰ ਜਮਨਾ ਪਾਰ ਕਰਕੇ ਵਾਪਸ ਮੁੜੇ। ਅਬਦੁਲ ਕਾਸਿਮ ਨੇ ਜਦ ਜ਼ਾਬਿਤਾ ਖਾਨ ਉੱਤੇ ਹਮਲਾ ਕਰਕੇ ਉਸ ਤੋਂ ਮੇਰਠ ਖੋਹ ਲਿਆ ਤੇ ਉਸ ਨੇ ਬਘੇਲ ਸਿੰਘ ਕੋਲ ਮਦਦ ਲਈ ਬੇਨਤੀ ਕੀਤੀ। ਅਬਦੁਲ ਕਾਸਿਮ ਉੱਤੇ ਹਮਲਾ 11 ਮਾਰਚ 1776 ਨੂੰ ਕੀਤਾ। ਮੇਰਠ ਛੁਡਵਾਇਆ ਤੇ ਅਬਦੁਲ ਕਾਸਿਮ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜ਼ਾਬਿਤਾ ਖਾਨ ਨਾਲ ਦੋਸਤੀ ਕਰਨ ਤੇ ਸਿੱਖਾਂ ਦਾ ਪ੍ਰਭਾਵ ਅਵਧ ਤੱਕ ਵੱਧ ਗਿਆ, ਮਰਾਠਿਆਂ ਨੂੰ ਇਹ ਰਾਸ ਨਹੀਂ ਸੀ। ਇਤਿਹਾਸ ਗਵਾਹ ਹੈ ਕਿ ਹੁਸ਼ਿਆਰਪੁਰ ਜਲੰਧਰ ਤੋਂ ਲੈ ਕੇ ਪੀਲੀਭੀਤ ਤਕ ਅਤੇ ਅੰਬਾਲਾ ਤੋਂ ਲੈ ਕੇ ਅਲੀਗੜ੍ਹ ਤਕ ਉਸ ਦਾ ਸਿੱਕਾ ਚਲਦਾ ਸੀ। ਨਿਰਸੰਦੇਹ ਉਹ ਇੱਕ ਦਲੇਰ ਯੋਧਾ ਅਤੇ ਵਰਿਆਮ ਸੂਰਮਾ ਸੀ। ਉਹ ਜਮੁਨਾ ਪਾਰ ਦੇ ਇਲਾਕਿਆਂ ਤੇ ਹਮਲੇ ਕਰਨ ਵਿਚ ਰੁੱਝਿਆਂ ਰਹਿੰਦਾ ਸੀ ਤੇ ਅਪਣੇ ਸਹਿਧਰਮੀਆਂ ਵਿਰੁੱਧ ਵੀ ਲੜਾਈਆਂ ਲੜਦਾ ਰਹਿੰਦਾ ਸੀ । ਉਹ ਕਿਹਾ ਕਰਦਾ ਸੀ: "ਹਮ ਲਰਨੇ ਮਰਨੇ ਕਿਮ ਸੰਗੈ, ਯਹ ਹੈ ਹਮਰੀ ਨਿਤ ਖੇਲ।"

ਉਸ ਨੇ ਆਪਣੀ ਮਿਸਲ ਦਾ ਖੇਤਰ ਬਹੁਤ ਹੀ ਵਧਾਇਆ। ਉਸ ਨੇ ਅਲੀਗੜ੍ਹ, ਖੁਰਜਾ ਅਤੇ ਇਟਾਵਾ ਨੂੰ ਜਾ ਘੇਰਿਆ ਅਤੇ ਉਥੋਂ ਦੇ ਨਵਾਬ ਈਸਾ ਖਾਨ ਨੂੰ ਜਾ ਹਰਾਇਆ। ਉਸ ਨੇ ਜਲੰਧਰ ਦੇ ਹਾਕਿਮ ਮੁਹੰਮਦ ਖਾਂ ਨੂੰ ਹਰਾ ਕੇ ਉਸ ਕੋਲੋਂ ਨੂਰ ਮਹਿਲ ਖੋਹ ਲਿਆ। ਬਘੇਲ ਸਿੰਘ ਇਤਨਾ ਸ਼ਕਤੀਸ਼ਾਲੀ ਸੀ ਕਿ ਕੋਈ ਉਸ ਦੀ ਮਰਜ਼ੀ ਬਿਨਾ ਦਿਲੀਓਂ ਪੰਜਾਬ ਨਹੀਂ ਸੀ ਆ ਸਕਦਾ। ਬਘੇਲ ਸਿੰਘ ਦੀ ਯੁੱਧ ਨੀਤੀ ਬੜੀ ਹੀ ਸੁਲਝੀ ਹੋਈ ਹੁੰਦੀ ਸੀ। ਉਹ ਜਾਣਦਾ ਸੀ ਕਿ ਮੁਗਲਾਂ ਦੀ ਭਾਰੀ ਸੈਨਾ ਨਾਲ ਸਿੱਧੇ ਤੌਰ ਤੇ ਟੱਕਰ ਲੈਣ ਦੇ ਅਜੇ ਕਾਬਲ ਨਹੀਂ ਸਨ ਹੋਏ ਤੇ ਸਿੱਖਾਂ ਦਾ ਹੋਰ ਯੁੱਧਾਂ ਵਿਚ ਨੁਕਸਾਨ ਕਰਵਾਉਣਾ ਠੀਕ ਨਹੀਂ। ਇਸ ਲਈ ਉਸ ਨੇ ਸਾਰੇ ਜਰਨੈਲਾਂ ਨਾਲ ਮਿਲ ਕੇ ਇਹ ਯੋਜਨਾ ਬਣਾਈ ਕਿ ਸਰਦਾਰ ਬਘੇਲ ਸਿੰਘ ਦਿੱਲੀ ਤੋਂ ਪੰਜਾਬ ਵਲ ਚੱਲੇ ਹਮਲਾਵਰਾਂ ਨਾਲ ਮਿਲ ਜਾਵੇ ਤੇ ਫਿਰ ਜਦ ਮੁਗਲ ਫੌਜ ਸਿੱਖਾਂ ਦੀ ਸਿੱਧੀ ਮਾਰ ਵਿੱਚ ਆ ਜਾਵੇ ਤਾਂ ਉਸ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਜਾਵੇ ਤੇ ਸਮਝੌਤਾ ਅਜਿਹਾ ਹੋਵੇ ਕਿ ਫੈਸਲਾ ਸਿੱਖਾਂ ਦੇ ਹੱਕ ਵਿੱਚ ਹੋਵੇ। ਪਰ ਗੋਕਲ ਚੰਦ ਨਾਰੰਗ ਇਸ ਨੂੰ ਸਿੱਖ ਵਿਰੋਧੀ ਨੀਤੀ ਮੰਨਦੇ ਹਨ।

ਪਰ ਜੇ ਅਸੀਂ ਇਨ੍ਹਾਂ ਯੁੱਧਾਂ ਦੇ ਨਤੀਜੇ ਵੇਖੀਏ ਤਾਂ ਇਹ ਸਾਰੇ ਸਿੱਖਾਂ ਦੇ ਹੱਕ ਵਿਚ ਗਏ। ਸਿੱਖ ਵੱਸ ਨਾ ਆਉਂਦੇ ਵੇਖ ਸ਼ਾਹ ਆਲਮ ਨੇ ਆਪਣੇ ਸਾਹਿਬਜ਼ਾਦੇ ਸ਼ਾਹਬਖ਼ਤ ਨੂੰ ਸਿੱਖਾਂ ਉਪਰ ਹਮਲੇ ਲਈ ਪਟਿਆਲੇ ਵੱਲ ਭੇਜਿਆ। ਜਦੋਂ ਸਿੱਖਾਂ ਵਿਰੁੱਧ 1778-1779 ਈਂ ਵਿੱਚ 20,000 ਸਿਪਾਹੀ ਲੈ ਕੇ ਸਹਿਜ਼ਾਦਾ ਜਵਾਂ ਬਖਤ ਨੇ ਚੜ੍ਹਾਈ ਕੀਤੀ ਤਾਂ ਵੱਡੀ ਫੌਜ ਵੱਧਦੀ ਦੇਖਕੇ ਬਘੇਲ ਸਿੰਘ ਨੇ ਚਲਾਕੀ ਵਰਤੀ। ਅੱਗੇ ਹੋ ਕੇ ਸ਼ਾਹ ਬਖ਼ਤ ਨੂੰ ਨਜ਼ਰਾਨਾ ਭੇਟ ਕੀਤਾ ਤੇ ਸ਼ਾਹ ਨੂੰ ਅੱਗੇ ਵੱਧਣ ਲਈ ਪ੍ਰੇਰਿਆ। ਛੋਟੀਆਂ ਮੋਟੀਆਂ ਜਿੱਤਾਂ ਪਿਛੋਂ ਜਦੋਂ ਉਸ ਦਾ ਆਢਾ ਫੂਲਕੀਆਂ ਰਿਆਸਤਾਂ ਨਾਲ ਪਿਆ। ਪਟਿਆਲਾ ਤੇ ਹੋਰ ਫੂਲਕੀਆਂ ਰਿਆਸਤਾਂ ਦੀ ਮਦਦ ਲਈ ਕਨ੍ਹਈਆਂ ਤੇ ਰਾਮਗੜ੍ਹੀਆਂ ਮਿਸਲਾਂ ਆ ਗਈਆਂ। ਸਾਰੇ ਸਿੱਖਾਂ ਨੇ ਸਲਾਹ ਕਰਕੇ ਸ਼ਾਹ ਬਖ਼ਤ ਉੱਤੇ ਹੱਲਾ ਬੋਲ ਦਿੱਤਾ। ਅਗਿਓਂ ਭਾਰੀ ਫੌਜ ਦਾ ਸਾਹਮਣਾ ਦੇਖ ਜਦ ਸ਼ਾਹ ਬਖਤ ਪਿੱਛੇ ਮੁੜਨ ਲੱਗਿਆ ਤਾਂ ਪਿੱਛੋਂ ਬਘੇਲ ਸਿੰਘ ਨੇ ਘੇਰਾ ਪਾ ਲਿਆ ਤੇ ਸ਼ਾਹੀ ਫੌਜਾਂ ਦਾ ਰਾਹ ਰੋਕ ਕੇ ਕਟਾ ਵੱਢੀ ਸ਼ੁਰੂ ਕਰ ਦਿੱਤੀ। ਸ਼ਾਹੀ ਸੈਨਾ ਦਾ ਬੁਰਾ ਹਾਲ ਹੋਇਆ ਤਾਂ ਅਬਦੁੱਲ ਅਹਿਦ, ਨਜਫ ਖਾਨ ਆਦਿ ਨੂੰ ਦਿੱਲੀ ਬੁਲਾ ਲਿਆ ਗਿਆ। ਚਾਰੇ ਪਾਸਿਓਂ ਘਿਰਿਆ ਜਵਾਂ ਬਖਤ ਸਿੱਖਾਂ ਨੂੰ ਸਾਰਾ ਮਾਲ ਮੱਤਾ ਖੁਹਾ ਕੇ ਵਾਪਿਸ ਮੁੜਿਆ। ਦਸ ਸਾਲ ਪਿਛੋਂ ਜਦੋਂ 1788 ਵਿਚ ਅੰਬਾ ਰਾਇ ਮਰਹੱਟੇ ਦਾ ਇਸੇ ਤਰ੍ਹਾਂ ਸਵਾਗਤ ਕੀਤਾ ਤੇ ਉਹ ਵੀ ਸਭ ਕੁਝ ਗੁਆ ਕੇ ਪਰਤਿਆ।


ਜਥੇਦਾਰ ਬਘੇਲ ਸਿੰਘ ਯੁੱਧ ਵਿਚ ਸਿੱਖਾਂ ਦੀ ਅਗਵਾਈ ਕਰਦੇ ਹੋਏ।

ਸੰਨ 1779 ਈ: ਵਿਚ ਜਦ ਸ਼ਹਿਜ਼ਾਦਾ ਫਰਖੰਦਾ ਬਕਤ ਤੇ ਵਜ਼ੀਰ ਅਬਦੁਲ ਅਹਿਦ ਦੀ ਅਗਵਾਈ ਵਿਚ ਸਤਲੁਜ ਦੇ ਦੱਖਣ ਦੀਆਂ ਰਿਆਸਤਾਂ ਤੇ ਮੁਗਲ ਫੌਜਾਂ ਨੇ ਹਮਲਾ ਕੀਤਾ ਤਾਂ ਬਘੇਲ ਸਿੰਘ ਨੇ ਰਾਏ ਸਿੰਘ ਬੂੜੀਆਂ ਤੇ ਭੰਗਾ ਸਿੰਘ ਥਾਨੇਸਰ ਵੀ ਉਸ ਨਾਲ ਜਾ ਰਲੇ ਤੇ ਪਟਿਆਲੇ ਨੂੰ ਜਾ ਘੇਰਾ ਪਾਇਆ। ਇਸ ਸੰਕਟ ਦੀ ਘੜੀ ਵਿੱਚ ਰਾਜਾ ਅਮਰ ਸਿੰਘ ਪਟਿਆਲਾ ਨੇ ਲਹਿਨ ਦੇ ਅਸਥਾਨ ਤੇ ਜਾ ਕੇ ਬਘੇਲ ਸਿੰਘ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਆਪਣੇ ਵੱਲ ਕਰ ਲਿਆ। ਅਮਰ ਸਿੰਘ ਦੇ ਬੇਟੇ ਸਾਹਿਬ ਸਿੰਘ ਨੇ ਬਘੇਲ ਸਿੰਘ ਹੱਥੋਂ ਅੰਮ੍ਰਿਤਪਾਨ ਕੀਤਾ ਤੇ ਸਿੰਘ ਸਜ ਗਿਆ। ਅਮਰ ਸਿੰਘ ਨੂੰ ਸਤਲੁਜ ਤੋਂ ਉਤਰਦੇ ਸਿੱਖ ਸਰਦਾਰਾਂ ਦੀ ਸਹਾਇਤਾ ਪ੍ਰਾਪਤ ਹੋ ਗਈ। ਬਘੇਲ ਸਿੰਘ ਨੇ ਵੀ ਇਸ ਸਮੇਂ ਸਿੱਖਾਂ ਦਾ ਸਾਥ ਦੇ ਕੇ ਪਾਸਾ ਪਲਟ ਦਿਤਾ ਤੇ ਮੁਗਲ ਫੌਜ ਨੇ ਭਾਰੀ ਨੁਕਸਾਨ ਉਠਾ ਕੇ, ਮਾਲ ਮੱਤਾ ਗੁਆ ਕੇ, ਭੱਜ ਕੇ ਜਾਨਾਂ ਬਚਾਈਆਂ।

ਨਵੰਬਰ 1779 ਨੂੰ ਨਜ਼ਫ ਖਾਨ ਨੇ ਆਪਣੇ ਪੋਤਰੇ ਮਿਰਜ਼ਾ ਸਫੀ ਨੂੰ ਦਸ ਹਜ਼ਾਰ ਸੈਨਾ ਤੇ ਸੈਂਕੜੇ ਤੋਪਾਂ ਨਾਲ ਸਿੱਖਾਂ ਨੂੰ ਕੁਚਲਣ ਲਈ ਭੇਜਿਆ। ਮਿਰਜ਼ਾ ਸ਼ਫੀ ਨੇ ਚਲਾਕੀ ਨਾਲ ਕਈ ਸਿੱਖ ਸਰਦਾਰ ਵੀ ਨਾਲ ਮਿਲਾ ਲਏ। ਇਸ ਹਾਲਤ ਵਿੱਚ ਬਘੇਲ ਸਿੰਘ ਨੇ ਸ਼ਾਹੀ ਸੈਨਾ ਉੱਤੇ ਸਿੱਧੇ ਹਮਲੇ ਦੀ ਥਾਂ ਗੁਰੀਲਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਏਧਰ ਮਿਰਜ਼ਾ ਸਫੀ ਨੇ ਵੀ ਸਿੱਖਾਂ ਵਾਲਾ ਗੁਰੀਲਾ ਯੁੱਧ ਹੀ ਅਪਨਾਉਣਾ ਠੀਕ ਸਮਝਿਆ। ਮਹਾਰਾਜਾ ਪਟਿਆਲਾ ਤੇ ਮਹਾਰਾਜਾ ਜੀਂਦ ਦੀ ਸਿੱਖਾਂ ਨਾਲ ਅਣਬਣ ਦਾ ਵੀ ਉਸ ਨੇ ਫਾਇਦਾ ਉਠਾਇਆ। ਜ਼ਾਬਿਤਾ ਖਾਨ ਨੇ ਦੀਵਾਨ ਸਿੰਘ ਨਾਲ ਮਿਲ ਕੇ ਬਘੇਲ ਸਿੰਘ ਵਿਰੁੱਧ ਯੁੱਧ ਛੇੜ ਦਿੱਤਾ। ਬਘੇਲ ਸਿੰਘ ਨਾਲ ਉਸ ਵੇਲੇ ਸਦਾ ਸਿੰਘ, ਦੂਲਾ ਸਿੰਘ, ਕਰਮ ਸਿੰਘ ਸ਼ਹੀਦ, ਗੁਰਬਖਸ਼ ਸਿੰਘ, ਲਾਲ ਸਿੰਘ ਤੇ ਕਰਨ ਸਿੰਘ ਆ ਜੁੜੇ। 6800 ਘੋੜ ਸਵਾਰਾਂ ਨਾਲ ਉਨ੍ਹਾਂ ਨੇ ਜਮਨਾ ਪਾਰ ਹਮਲੇ ਦੀ ਠਾਣੀ ਤਾਂ ਕਿ ਮਿਰਜ਼ਾ ਸ਼ਫੀ ਨੂੰ ਪਿਛੋਂ ਘੇਰਿਆ ਜਾ ਸਕੇ। 25 ਫਰਵਰੀ, 1781 ਨੂੰ ਰਡੌਰ ਦੇ ਕੈਂਪ ਤੇ ਫਿਰ 28 ਫਰਵਰੀ ਨੂੰ ਸਿਕੰਦਰਾ ਦੇ ਕੈਂਪ ਉੱਤੇ ਹਮਲਾ ਕੀਤਾ ਜਿਸ ਨਾਲ ਮਿਰਜਾ ਸ਼ਫੀ ਹਿੱਲ ਗਿਆ। ਸਿੱਖਾਂ ਨੇ 11 ਮਾਰਚ ਨੂੰ ਹਮਲੇ ਵਿੱਚ 3000 ਘੋੜੇ ਹਥਿਆ ਲਏ। ਮਿਰਜ਼ਾ ਸ਼ਫੀ ਦੇ ਮਦਦਗਾਰਾਂ ਮਹਾਰਾਜਾ ਪਟਿਆਲਾ ਅਮਰ ਸਿੰਘ, ਸਪੁੱਤਰ ਸਾਹਿਬ ਸਿੰਘ, ਭਾਗ ਸਿੰਘ, ਭੰਗਾ ਸਿੰਘ ਨੂੰ ਵੱਖ ਕਰਨ ਲਈ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਉਪਰ ਹਮਲਾ ਕਰ ਦਿੱਤਾ ਤਾਂ ਉਹ ਪਿਛੇ ਹੱਟ ਗਏ। ਮੁਗਲ ਜਰਨੈਲ ਮਿਰਜ਼ਾ ਸ਼ਫੀ ਗੁਰੀਲਾ ਯੁੱਧ ਵਿੱਚ ਸਿੱਖਾਂ ਨੂੰ ਮਾਤ ਨਾ ਪਾ ਸਕਿਆ ਤੇ 12 ਜੂਨ, 1781 ਨੂੰ ਬਘੇਲ ਸਿੰਘ ਤੇ ਗੁਰਦਿੱਤ ਸਿੰਘ ਨੂੰ ਦੋਸਤੀ ਦਾ ਹੱਥ ਵਧਾਉਣ ਲਈ ਖ਼ਤ ਲਿਖਿਆ। ਬਦਲੇ ਵਿੱਚ ਰਡੌਲ, ਬਬੀਨ ਤੇ ਸ਼ਾਮਗੜ੍ਹ ਦੇਣੇ ਮੰਨੇ ਪਰ ਬਘੇਲ ਸਿੰਘ ਨੇ ਆਪਣੀਆਂ ਸ਼ਰਤਾਂ ਰੱਖੀਆਂ।

10 ਜੂਨ, 1781 ਦੇ ਖ਼ਤ ਅਨੁਸਾਰ 'ਨਜਫ ਖਾਨ ਨੇ ਅੰਬਰ ਸ਼ਾਹ ਨੂੰ ਦਿੱਲੀ ਤੋਂ ਮਿਰਜ਼ਾ ਸ਼ਫੀ

ਕੋਲ 40,000 ਸਿਪਾਹੀ ਤੇ ਤੋਪਾਂ ਦੇ ਕੇ ਘੱਲਿਆ। ਸਿੱਖਾਂ ਨਾਲ ਭਰਵਾਂ ਯੁੱਧ ਹੋਇਆ ਜਿਸ ਵਿੱਚ 10 ਤੋਂ 15 ਹਜ਼ਾਰ ਸ਼ਾਹੀ ਫੌਜ ਮਾਰੀ ਗਈ ਤੇ ਤੋਪਾਂ ਵੀ ਹੱਥੋਂ ਗਈਆਂ। ਸਿੱਖਾਂ ਕੋਲੋਂ ਬੁਰੀ ਹਾਰ ਖਾਣ ਪਿਛੋਂ ਮੁਗਲ ਫੌਜਾਂ ਪਾਣੀਪਤ ਮੁੜ ਆਈਆਂ। 6 ਅਪ੍ਰੈਲ 1782 ਨੂੰ ਨਜਫ ਖਾਂ ਦੀ ਮੌਤ ਹੋ ਗਈ। ਫਰਵਰੀ 1783 ਵਿੱਚ ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਤੇ ਹੋਰ ਜਰਨੈਲ 70, 000 ਸਿਪਾਹੀ ਲੈ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਤੇ ਖੁਰਜਾ ਉੱਤੇ ਜਾ ਚੜ੍ਹੇ। ਸਭ ਨੇ ਜੋ ਖੋਹਿਆ ਉਸ ਦਾ ਦਸਵੰਧ ਦਰਬਾਰ ਸਾਹਿਬ ਅੰਮ੍ਰਿਤਸਰ ਭੇਜਿਆ ਜੋ ਇੱਕ ਲੱਖ ਸੀ। ਫਿਰ ਇਨ੍ਹਾਂ ਨੇ ਅਲੀਗੜ੍ਹ, ਟੁੰਡਲਾ, ਹਾਥਰਸ, ਸ਼ਿਕੋਹਾਬਾਦ ਤੇ ਫਰੁਖਾਬਾਦ ਜਾ ਲੁੱਟੇ। ਬਘੇਲ ਸਿੰਘ ਹੱਥ ਇੱਕ ਹੀਰਿਆਂ ਜੜ੍ਹੀ ਸੋਟੀ ਲੱਗੀ ਜੋ ਉਸ ਸਮੇਂ 33,000 ਰੁਪਏ ਦੀ ਸੀ। ਮੁੜਦਿਆਂ ਨੇ ਆਗਰਾ ਲੁੱਟਿਆ। ਸਿੱਖ ਹੁਣ ਦਿੱਲੀ ਉਤੇ ਭਾਰੂ ਹੋ ਗਏ ਸਨ।

8 ਮਾਰਚ, 1783 ਬਘੇਲ ਸਿੰਘ ਨੇ 40,000 ਫੌਜ ਨਾਲ ਜਮੁਨਾ ਕੰਢੇ ਬਗਗਾੜੀ ਘਾਟ ਉਤੇ ਕਬਜ਼ਾ ਕਰ ਲਿਆ। ਫਿਰ ਮਲਕ ਗੰਜ ਤੇ ਸਬਜ਼ੀ ਮੰਡੀ ਜਾ ਲੁੱਟੇ ਤੇ ਮੁਗਲਪੁਰਾ ਤੇ ਮੈਹਤਾਬਪੁਰਾ ਜਾ ਘੇਰੇ। ਸਿੱਖ ਅਜਮੇਰੀ ਗੇਟ ਰਾਹੀਂ ਦਿੱਲੀ ਵਿੱਚ ਜਾ ਦਾਖ਼ਲ ਹੋਏ ਤੇ ਹੌਜ਼ ਕਾਜ਼ੀ ਜਾ ਲੁੱਟਿਆ। ਬਾਦਸ਼ਾਹ ਨੇ ਸਮਰੋ ਬੇਗਮ ਨੂੰ ਬੁਲਾ ਭੇਜਿਆ। ਏਨੇ ਨੂੰ ਜੱਸਾ ਸਿੰਘ ਰਾਮਗੜ੍ਹੀਆ ਤੇ ਜੱਸਾ ਸਿੰਘ ਆਹਲੂਵਾਲੀਆ ਹਿਸਾਰ ਵਲੋਂ 10, 000 ਫੌਜ ਲੈ ਕੇ ਪਹੁੰਚ ਗਏ। ਬਘੇਲ ਸਿੰਘ ਨੇ ਜਿਥੇ ਆਪਣੇ ਤੀਹ ਹਜ਼ਾਰ ਸਿਪਾਹੀ ਰੱਖੇ ਸਨ ਉਹ ਹੁਣ ਤੀਸ ਹਜ਼ਾਰੀ ਨਾਮ ਨਾਲ ਪ੍ਰਸਿੱਧ ਹੈ।

17 ਮਾਰਚ, 1783 ਦਾ ਉਹ ਇਤਿਹਾਸਕ ਦਿਨ ਹੈ ਜਦ ਸਿੱਖਾਂ ਨੇ ਲਾਲ ਕਿਲ੍ਹੇ ਉੱਤੇ ਸਿੱਖ ਝੰਡਾ ਜਾ ਫਹਿਰਾਇਆ। ਸ਼ਾਹ ਆਲਮ ਜਾ ਛੁਪਿਆ। ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ ਉਤੇ ਬਿਠਾਇਆ ਗਿਆ ਤੇ ਮੋਰ ਪੰਖ ਝੁਲਾਏ ਗਏ। ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਨੂੰ ਨਾਪਸੰਦ ਕੀਤਾ ਤਾਂ ਆਹਲੂਵਾਲੀਆ ਨੇ ਤਖ਼ਤ ਛੱਡ ਦਿੱਤਾ। ਇਸ ਤਰ੍ਹਾਂ ਆਪਸ ਦੀ ਈਰਖਾ ਨੇ ਸਿੱਖਾਂ ਹੱਥ ਆਇਆ ਦਿੱਲੀ ਦਾ ਰਾਜ ਗੁਆ ਦਿੱਤਾ।

ਦੀਵਾਨੇ-ਖਾਸ ਤੇ ਦੀਵਾਨੇ-ਆਮ ਲੁੱਟਕੇ ਹਟੇ ਸਨ ਕਿ 12 ਮਾਰਚ ਨੂੰ ਸਮਰੋ ਬੇਗਮ ਦਿੱਲੀ ਆ ਗਈ ਤੇ ਉਸ ਨੇ ਸ਼ਾਹ ਆਲਮ ਦੂਜੇ ਨੂੰ ਸਿੱਖਾਂ ਬਾਰੇ ਦੱਸਿਆ ਤੇ ਬਘੇਲ ਸਿੰਘ ਨਾਲ ਗੱਲ ਕਰਨ ਲਈ ਕਿਹਾ। ਬਘੇਲ ਸਿੰਘ ਨੂੰ ਮਿਲ ਕੇ ਬੇਗਮ ਸਮਰੋ ਨੇ ਬਾਦਸ਼ਾਹ ਤੋਂ ਇਹ ਸ਼ਰਤਾਂ ਮਨਵਾਈਆਂ।

(ੳ) ਖਾਲਸੇ ਨੂੰ ਤਿੰਨ ਲੱਖ ਇਵਜ਼ਾਨਾ ਜੁਰਮਾਨੇ ਵਜੋਂ ਦਿੱਤਾ ਜਾਵੇਗਾ।

(ਅ) ਬਘੇਲ ਸਿੰਘ ਦਿੱਲੀ ਵਿੱਚ ਚਾਰ ਹਜ਼ਾਰ ਸਿਪਾਹੀ ਰੱਖ ਸਕਦਾ ਹੈ। ਉਸ ਦਾ ਦਫ਼ਤਰ ਸਬਜ਼ੀ ਮੰਡੀ ਹੋਵੇਗਾ।

(ੲ) ਬਘੇਲ ਸਿੰਘ ਨੂੰ ਸਤ ਸਿੱਖ ਇਤਿਹਾਸਕ ਗੁਰਦੁਆਰੇ ਬਨਾਉਣ ਦੀ ਖੁੱਲ੍ਹ ਹੋਵੇਗੀ ਜੋ ਜਲਦੀ ਹੀ ਪੂਰਨ ਕਰਨ ਤੇ ਬਘੇਲ ਸਿੰਘ ਵਾਪਸ ਜਾਵੇਗਾ।

(ਸ) ਬਘੇਲ ਸਿੰਘ ਸਾਰੀ ਦਿੱਲੀ ਦੀ ਚੁੰਗੀ ਉਗਰਾਹੇਗਾ ਤੇ ਛਿਆਨੀ (ਰੁਪੈ ਵਿੱਚੋਂ ਛੇ ਆਨੇ) ਆਪਣੇ ਖਰਚ ਲਈ ਲਵੇਗਾ, ਜਿਸ ਵਿੱਚੋਂ ਗੁਰਦੁਆਰੇ ਬਣਾਏ ਜਾਣਗੇ।

(ਹ) ਦਿੱਲੀ ਵਿੱਚ ਰਹਿੰਦੇ ਹੋਏ ਸਿੱਖ ਕੋਈ ਲੁੱਟ-ਖੋਹ ਨਹੀਂ ਕਰਨਗੇ।

ਇਹ ਵੇਰਵੇ ਵੱਖ ਵੱਖ ਲਿਖਾਰੀਆਂ ਨੇ ਥੋੜੇ ਫਰਕ ਨਾਲ ਦਿਤੇ ਹਨ। ਡਾ: ਗੋਪਾਲ ਸਿੰਘ ਅਨੁਸਾਰ ਬਘੇਲ ਸਿੰਘ ਨੇ ਦਿੱਲੀ ਨੂੰ ਮਾਰਚ 1783 ਵਿੱਚ ਥੋੜੇ ਸਮੇਂ ਲਈ ਦਿੱਲੀ ਨੂੰ ਆਪਣੇ ਕਬਜ਼ੇ ਵਿੱਚ ਰੱਖਿਆ ਪਰ ਮਗਰੋਂ 3 ਲੱਖ ਨਕਦ ਲੈ ਕੇ ਤੇ ਰੁਪਏ ਵਿੱਚੋਂ ਛੇ ਆਨੇ ਚੁੰਗੀ ਵਜੋਂ ਲੈ ਕੇ ਉਸ ਦਿੱਲੀ ਖਾਲੀ ਕਰ ਦਿਤੀ ਤੇ 7 ਗੁਰ ਅਸਥਾਨ ਬਣਾਉਣ ਦਾ ਵਾਅਦਾ ਵੀ ਹੋਇਆ ਜੋ 1788 ਈ: ਵਿਚ ਪੂਰਾ ਹੋਇਆ।

ਸਮਝੌਤੇ ਪਿਛੋਂ 4000 ਸਿਪਾਹੀਆਂ ਨਾਲ ਬਘੇਲ ਸਿੰਘ ਨੇ ਸਤ ਗੁਰਦੁਆਰੇ ਮਾਤਾ ਸੁੰਦਰੀ, ਮਜਨੂੰ ਟਿਲਾ, ਮੋਤੀ ਬਾਗ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਬਾਲਾ ਸਾਹਿਬ ਪਹਿਲ ਦੇ ਆਧਾਰ ਉਤੇ ਉਸਾਰੇ।

ਸਭ ਤੋਂ ਪਹਿਲਾਂ ਤੇਲੀਵਾੜਾ ਵਿੱਚ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਦੇ ਠਹਿਰਨ ਵਾਲੇ ਅਸਥਾਨ ਤੇ ਗੁਰਦੁਆਰਾ ਸਾਹਿਬ ਬਣਾਇਆ ਗਿਆ। ਫਿਰ ਮੁਹੱਲਾ ਜੈਪੁਰਾ ਵਿੱਚ ਬੰਗਲਾ ਸਾਹਿਬ ਦੇ ਨਾਮ ਤੇ ਉਸ ਥਾਂ ਬਣਾਇਆ ਗਿਆ ਜਿੱਥੇ ਗੁਰੂ ਹਰਿਕਿਸ਼ਨ ਜੀ ਜੋਤੀ ਜੋਤ ਸਮਾਏ ਸਨ। ਫਿਰ ਜਮਨਾ ਦੇ ਕਿਨਾਰੇ ਸ੍ਰੀ ਗੁਰੂ ਹਰਿਕਿਸ਼ਨ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਦੇ ਅੰਗੀਠੇ ਦੀ ਯਾਦਗਾਰ ਕਾਇਮ ਕੀਤੀ। ਫਿਰ ਗੁਰਦੁਆਰਾ ਰਕਾਬ ਗੰਜ ਉਸ ਅਸਥਾਨ ਤੇ ਬਣਾਇਆ ਜਿੱਥੇ ਜਿਥੇ ਗੁਰੂ ਤੇਗ ਬਹਾਦੁਰ ਜੀ ਦੇ ਧੜ ਦਾ ਸਸਕਾਰ ਕੀਤਾ ਗਿਆ ਸੀ। ਫਿਰ ਇਕ ਬੁੱਢੇ ਮਾਸ਼ਕੀ ਦੀ ਤੀਵੀਂ ਦੀ ਦੱਸ ਤੇ ਮਸਜਿਦ ਵਾਲੀ ਥਾਂ ਤੇ ਬਘੇਲ ਸਿੰਘ ਨੇ ਇਕ ਨਿੱਕਾ ਜਿਹਾ ਥੜਾ ਬਣਵਾਇਆ। ਮੁਸਲਮਾਨਾਂ ਨੇ ਮਸੀਤ ਢਾਹੇ ਜਾਣ ਤੇ ਵਿਰੋਧ ਕੀਤਾ ਤਾਂ ਝੜਪ ਵੀ ਹੋਈ ਮਗਰੋਂ ਬਾਦਸ਼ਾਹ ਦੇ ਵਜ਼ੀਰ ਵਲੋਂ ਰਾਹ ਕੱਢ ਲਿਆ ਗਿਆ, ਮਸੀਤ ਦੀ ਪਿਛਲੀ ਬਾਹੀ ਨੂੰ ਤੋੜਿਆ ਗਿਆ। ਥੜਾ ਵੀ ਕਾਇਮ ਰਿਹਾ। ਸਿੱਖਾਂ ਨੂੰ ਖੁਸ਼ ਕਰਨ ਲਈ ਕੁਝ ਜ਼ਮੀਨ ਬਾਜ਼ਾਰ ਤੇ ਕੋਤਵਾਲੀ ਨਲ ਛੱਡ ਕੇ ਇਕ ਬਾਰਾਂਦਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਬਣਵਾ ਦਿਤੀ।

ਬਘੇਲ ਸਿੰਘ ਦੀ ਸਿੱਖ ਕੌਮ ਲਈ ਇਹ ਬਹੁਤ ਵੱਡੀ ਦੇਣ ਸੀ। ਬਾਦਸ਼ਾਹ ਆਲਮ ਦੂਜਾ ਬਘੇਲ ਸਿੰਘ ਨੂੰ ਮਿਲਣ ਦਾ ਇਛੁਕ ਸੀ ਪਰ ਇਸ ਲਈ ਬਘੇਲ ਸਿੰਘ ਨੇ ਸ਼ਰਤਾਂ ਰੱਖੀਆਂ ਕਿ ਉਹ ਸਿਰ ਨਹੀਂ ਝੁਕਾਏਗਾ, ਇਕੱਲਾ ਨਹੀਂ ਆਏਗਾ ਤੇ ਕਿਸੇ ਦਾ ਕੋਈ ਬੁਰਾ ਕਟਾਖ ਨਹੀਂ ਸਹੇਗਾ। ਬਾਦਸ਼ਾਹ ਦੇ ਮੰਨਣ ਉਤੇ ਸਭ ਬੁਚੜਾਂ ਦੀਆਂ ਦੁਕਾਨਾਂ ਬੰਦ ਕੀਤੀਆਂ ਗਈਆਂ। ਹਾਥੀ ਦੀ ਸਵਾਰੀ ਉੱਤੇ ਬਘੇਲ ਸਿੰਘ, ਸ਼ਾਹੀ ਦਰਬਾਰ ਸ਼ਸ਼ਤਰਧਾਰੀ ਸਿੱਖਾਂ ਸਮੇਤ ਪਹੁੰਚਿਆ, ਬਾਦਸ਼ਾਹ ਮਿਲਣ ਉੱਤੇ ਖੁਸ਼ ਹੋਇਆ ਤੇ ਤੋਹਫੇ ਦਿੱਤੇ।

ਸੰਨ 1784 ਤੇ ਫਿਰ 1789 ਵਿੱਚ ਜਮਨਾ ਪਾਰੋਂ ਉਗਰਾਹੀਆਂ ਚੱਲਦੀਆਂ ਰਹੀਆਂ। ਬਘੇਲ ਸਿੰਘ ਦੀ ਮੌਤ 1800 ਵਿੱਚ ਹੋਈ ਦੱਸੀ ਜਾਂਦੀ ਹੈ। ਇਸ ਤਰ੍ਹਾਂ ਸਿੱਖ ਰਾਜ ਦਾ ਇੱਕ ਉਜਲ ਸਿਤਾਰਾ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾ ਕੇ ਰੱਬ ਨੂੰ ਪਿਆਰਾ ਹੋ ਗਿਆ।

-0-

## ਮੈਂ ਵੀ ਤਾਂ ਬਘੇਲ ਸਿੰਘ ਨਹੀਂ ਰਿਹਾ...

ਮੈਂ ਦਿੱਲੀ ਦੇ ਲਾਲ ਕਿਲੇ ਸਾਹਮਣਿਉ ਲੰਘ ਰਿਹਾ ਹਾਂ,
ਪਰ ਅੱਜ ਇਸ ਨੇ ਸੀਸ ਨਹੀਂ ਝੁਕਾਇਆ..
ਸ਼ਾਇਦ....ਇਸ ਨੂੰ ਆਦਾਬ ਭੁੱਲ ਗਏ ਨੇ...
ਮੈਂ ਵੀ ਤਾਂ ਬਘੇਲ ਸਿੰਘ ਨਹੀਂ ਰਿਹਾ...
ਦਿੱਲੀ ਤੇ ਦਿੱਲੀ ਦਾ ਲਾਲ ਕਿਲਾ, ਇਹਨਾਂ ਦਾ ਕੀ ਹੈ.......
ਇਹ ਤਾਂ ਸਦਾ ਹੀ ਤਲਵਾਰਾਂ ਨੂੰ ਨਮਸਕਾਰ ਕਰਦੇ ਨੇ.....
ਤੇ ਤਲਵਾਰਾਂ ਵਾਲਿਆਂ ਦਾ ਪਾਣੀ ਭਰਦੇ ਨੇ
ਮੈਂ ਜਦ ਤਲਵਾਰ ਉਠਾਵਾਂਗਾ...
ਇਹਦੇ ਜੌਹਰ ਵਿਖਾਵਾਂਗਾ...ਬਘੇਲ ਸਿੰਘ ਬਣਕੇ ਆਵਾਂਗਾ....
ਉਦੋਂ ਇਹ ਸਿਰ ਝੁਕਾਉਣਗੇ.....ਉਦੋਂ ਨਜ਼ਰਾਂ ਵਿਛਾਉਣਗੇ....

ਆਓ ਸਰਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਕੌਮ ਦੇ ਮਹਾਨ ਜਰਨੈਲਾਂ ਯੋਧਿਆਂ ਦੇ ਜੀਵਨ ਤੋ ਪ੍ਰੇਰਣਾ ਲੈਕੇ ਇਕ ਵਾਰ ਫੇਰ ਕੌਮੀ ਨਿਸ਼ਾਨੇ ਸਰ ਕਰਨ ਲਈ , ਦਿੱਲੀ ਦੇ ਲਾਲ ਕਿਲੇ ਤੇ ਹੱਕ ਸਚ ਆਜ਼ਾਦੀ ਇਨਸਾਫ਼ ਦਾ ਪ੍ਰਤੀਕ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਲਈ ਯਤਨਸ਼ੀਲ ਹੋਈਏ।

-0-

**25 ਮਾਰਚ : ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਦੇ ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼**

# ਜਿਹੜੇ ਚਰਖੜੀਆਂ ’ਤੇ ਚੜ੍ਹੇ, ਭਾਈ ਸੁਬੇਗ ਸਿੰਘ – ਭਾਈ ਸ਼ਾਹਬਾਜ਼ ਸਿੰਘ

**ਬਲਰਾਜ ਸਿੰਘ ਸਿੱਧੂ (ਰਿਟਾ. ਕਮਾਂਡੈਂਟ) ਪੰਡੋਰੀ ਸਿੱਧਵਾਂ # 9501100062**

**ਆਪਣੇ ਭਰਾ ਦੇ ਕਤਲ ਦੀ ਖਬਰ ਸੁਣ ਕੇ ਲਖਪਤ ਰਾਏ ਨੂੰ ਅੱਗ ਲੱਗ ਗਈ। ਉਸ ਨੇ ਪੱਗ ਯਾਹੀਆ ਖਾਨ ਦੇ ਪੈਰਾਂ ਵਿੱਚ ਸੁੱਟ ਕੇ ਸਹੁੰ ਖਾਧੀ ਕਿ ਜਦ ਤੱਕ ਪੰਥ ਖਤਮ ਨਹੀਂ ਹੋ ਜਾਂਦਾ,ਉਹ ਪੱਗ ਨਹੀਂ ਬੰਨ੍ਹੇਗਾ। ਉਸ ਨੇ ਯਾਹੀਆ ਖਾਨ ਕੋਲੋਂ ਸਿੱਖਾਂ ਦੇ ਕਤਲੇਆਮ ਦਾ ਹੁਕਮ ਲੈ ਲਿਆ। ਇਸ ਤੋਂ ਪਹਿਲਾਂ ਸਿਰਫ ਜੰਗੀ ਸਿੱਖ ਹੀ ਸਰਕਾਰ ਦੇ ਬਾਗੀ ਸਮਝੇ ਜਾਂਦੇ ਸਨ, ਪਰ ਲਖਪਤ ਨੇ ਇੱਕ ਪਾਸਿਉਂ ਹੀ ਵਾਢਾ ਰੱਖ ਲਿਆ। ਲਾਹੌਰ ਅਤੇ ਆਸ ਪਾਸ ਅਮਨ ਅਮਾਨ ਨਾਲ ਵੱਸਦੇ ਤੇ ਸਰਕਾਰੀ ਨੌਕਰੀ ਕਰਦੇ ਸਾਰੇ ਸਿੱਖ ਗ੍ਰਿਫਤਾਰ ਕਰ ਲਏ ਗਏ। ਉਹਨਾਂ ਨੂੰ ਇਸਲਾਮ ਜਾਂ ਮੌਤ ਚੁਣਨ ਲਈ ਪੁੱਛਿਆ ਗਿਆ, ਪਰ ਇੱਕ ਵੀ ਸਿੱਖ ਨੇ ਧਰਮ ਨਾ ਛੱਡਿਆ। ਇਹਨਾਂ ਵਿੱਚ ਭਾਈ ਸੁਬੇਗ ਸਿੰਘ ਤੇ ਉਸ ਦਾ ਬੇਟਾ ਸ਼ਾਹਬਾਜ਼ ਸਿੰਘ ਵੀ ਸ਼ਾਮਲ ਸਨ। ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਹਿੰਦੂਆਂ ਨੇ ਦੀਵਾਨ ਕੌੜਾ ਮੱਲ ਦੀ ਅਗਵਾਈ ਹੇਠ ਲਖਪਤ ਨੂੰ ਇਹ ਜ਼ੁਲਮ ਨਾ ਕਰਨ ਦੀ ਬੇਨਤੀ ਕੀਤੀ, ਪਰ ਉਸ ਨੇ ਕਿਸੇ ਦੀ ਨਾ ਮੰਨੀ। ਭਾਈ ਸੁਬੇਗ ਸਿੰਘ ਸਮੇਤ ਸਾਰੇ ਸਿੱਖ ਮੱਸਿਆ ਵਾਲੇ ਦਿਨ 10 ਮਾਰਚ 1746 ਈਸਵੀ ਨੂੰ ਸ਼ਹੀਦ ਕੀਤੇ ਗਏ। ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।**

ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਸਿੱਖ ਪੰਥ ਦੇ ਉਹ ਅਣਮੋਲ ਹੀਰੇ ਹਨ, ਜਿਹਨਾਂ ਨੂੰ ਪੰਥ ਵੱਲੋਂ ਲੱਖਾਂ ਅਰਦਾਸਾਂ ਰਾਹੀਂ ਰੋਜ਼ਾਨਾ ਯਾਦ ਕੀਤਾ ਜਾਂਦਾ ਹੈ। ਭਾਈ ਸੁਬੇਗ ਸਿੰਘ ਦਾ ਜਨਮ ਲਾਹੌਰ ਜਿਲ੍ਹੇ ਦੇ ਜੰਬਰ ਪਿੰਡ ਦੇ ਸਿਰ ਕੱਢ ਜ਼ਿੰਮੀਦਾਰ ਰਾਏ ਭਾਗਾ ਦੇ ਘਰ ਹੋਇਆ ਸੀ। ਭਾਈ ਸਾਹਿਬ ਦੀ ਸਹੀ ਜਨਮ ਮਿਤੀ ਮੁਹੱਈਆ ਨਹੀਂ ਹੈ। ਭਾਈ ਸੁਬੇਗ ਸਿੰਘ ਨੇ ਪਿੰਡ ਤੋਂ ਹੀ ਅਰਬੀ ਅਤੇ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ ਜੋ ਅਗਲੇ ਜੀਵਨ ਵਿੱਚ ਉਹਨਾਂ ਦੇ ਬਹੁਤ ਕੰਮ ਆਈ ਕਿਉਂਕਿ ਫਾਰਸੀ ਲਾਹੌਰ ਅਤੇ ਦਿੱਲੀ ਦਰਬਾਰ ਦੀ ਸਰਕਾਰੀ ਭਾਸ਼ਾ ਸੀ। ਜਵਾਨ ਹੋਣ 'ਤੇ ਉਹ ਲਾਹੌਰ ਚਲੇ ਗਏ ਤੇ ਸਰਕਾਰੀ ਠੇਕੇਦਾਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਘਰ ਇੱਕ ਪੁੱਤਰ ਸ਼ਾਹਬਾਜ਼ ਸਿੰਘ ਨੇ ਜਨਮ ਲਿਆ।



ਉਸ ਵੇਲੇ ਲਾਹੌਰ ਦਾ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਸੀ ਤੇ ਸਿੱਖ ਮੁਗਲ ਸੰਘਰਸ਼ ਸਿਖਰਾਂ 'ਤੇ ਸੀ। ਨਿੱਤ ਦੀਆਂ ਲੜਾਈਆਂ ਅਤੇ ਲੁੱਟ ਮਾਰ ਕਾਰਨ ਪੰਜਾਬ ਦੀ ਆਰਥਿਕਤਾ ਇੱਕ ਤਰਾਂ ਨਾਲ ਤਬਾਹ ਹੋ ਗਈ ਸੀ। ਮੱਧ ਏਸ਼ੀਆ ਤੋਂ ਭਾਰਤ ਆਉਣ ਵਾਲੇ ਵਪਾਰੀ ਪੰਜਾਬ ਵਿੱਚ ਵੜਨ ਤੋਂ ਕਤਰਾਉਣ ਲੱਗ ਪਏ ਸਨ ਤੇ ਚੁੰਗੀ ਅਤੇ ਹੋਰ ਟੈਕਸ ਪ੍ਰਾਪਤ ਨਾ ਹੋਣ ਕਾਰਨ ਸਰਕਾਰੀ ਖਜ਼ਾਨਾ ਖਾਲੀ ਹੋ ਗਿਆ ਸੀ। ਫੌਜ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਸੀ ਮਿਲੀ ਅਤੇ ਉੱਪਰੋਂ ਦਿੱਲੀ ਦਰਬਾਰ ਦਾ ਪੰਜ ਸਾਲ ਦਾ ਖਿਰਾਜ਼ (ਟੈਕਸ) ਦੇਣਾ ਬਾਕੀ ਸੀ। 1730 ਈਸਵੀ ਵਿੱਚ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੇ ਜਰਨੈਲ ਹੈਬਤ ਖਾਂ ਅਤੇ ਸਲਾਬਤ ਖਾਨ ਨੂੰ ਦੋ ਹਜ਼ਾਰ ਰੋਹੀਲਾ ਫੌਜ ਦੇ ਕੇ ਖਿਰਾਜ਼ ਉਗਰਾਹੁਣ ਲਈ ਲਾਹੌਰ ਭੇਜ ਦਿੱਤਾ। ਉਹਨਾਂ ਨੇ ਲਾਹੌਰ ਆਣ ਡੇਰੇ ਲਗਾਏ ਤੇ ਤਿੰਨ ਕਰੋੜ ਰੁਪਏ ਖਿਰਾਜ਼ ਤੋਂ ਇਲਾਵਾ ਆਪਣੇ ਖਰਚੇ ਵਾਸਤੇ ਪੰਜ ਹਜ਼ਾਰ ਰੋਜ਼ਾਨਾਂ ਅਲੱਗ ਤੋਂ ਮੰਗ ਕੀਤੀ। ਜ਼ਕਰੀਆ ਖਾਨ ਨੂੰ ਆਪਣੀ ਸੂਬੇਦਾਰੀ ਖਤਰੇ ਵਿੱਚ ਦਿਸਣ ਲੱਗ ਪਈ ਕਿਉਂਕਿ ਉਸ ਕੋਲ ਤਾਂ ਨਿੱਤ ਪ੍ਰਤੀ ਦੇ ਖਰਚਿਆਂ ਵਾਸਤੇ ਵੀ ਪੈਸੇ ਨਹੀਂ ਸਨ।

ਸੂਬੇਦਾਰ ਨੇ ਆਪਣੀ ਜਾਨ ਬਚਾਉਣ ਲਈ ਦਿੱਲੀ ਦੇ ਜਰਨੈਲਾਂ ਨਾਲ ਧੋਖਾ ਕੀਤਾ ਤੇ ਬੋਰੀਆਂ ਵਿੱਚ ਮੋਹਰਾਂ ਭਰ ਕੇ ਇਹ ਕਹਿ ਦਿੱਤਾ ਕਿ ਤਿੰਨ ਕਰੋੜ ਰੁਪਏ ਹਨ, ਪਰ ਅਸਲ ਵਿੱਚ ਰਕਮ ਬਹੁਤ ਘੱਟ ਸੀ। ਜਰਨੈਲਾਂ ਨੇ ਪੈਸੇ ਨਾ ਗਿਣੇ ਤੇ ਸੂਬੇਦਾਰ 'ਤੇ ਯਕੀਨ ਕਰ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਸੂਬੇਦਾਰ ਨੂੰ ਫਿਕਰ ਪੈ ਗਿਆ ਕਿ ਜੇ ਬਾਦਸ਼ਾਹ ਨੂੰ ਇਸ ਧੋਖੇ ਦਾ ਪਤਾ ਚੱਲ ਗਿਆ ਤਾਂ ਗੱਦੀ ਤਾਂ ਜਾਵੇਗੀ ਹੀ, ਸਿਰ ਵੀ ਧੜ ਨਾਲੋਂ ਅਲੱਗ ਹੋ ਸਕਦਾ ਹੈ। ਉਸ ਨੇ ਇੱਕ ਚਾਲ ਚੱਲੀ ਤੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਦਿੱਲੀ ਜਾ ਰਹੇ ਖਜ਼ਾਨੇ ਬਾਰੇ ਖਬਰ ਭੇਜ ਦਿੱਤੀ। ਜਦੋਂ ਦਿੱਲੀ ਦੀ ਫੌਜ ਦਰਿਆ ਬਿਆਸ ਦੇ ਕਿਨਾਰੇ ਪਹੁੰਚੀ ਤਾਂ ਰਾਤ ਨੂੰ ਸਿੱਖਾਂ ਨੇ ਉਹਨਾਂ ਦੇ ਕੈਂਪ 'ਤੇ ਹਮਲਾ ਕਰ ਦਿੱਤਾ ਤੇ ਖਜ਼ਾਨਾ ਲੁੱਟ ਕੇ ਚਲਦੇ ਬਣੇ। ਮੁਗਲ ਲੁੱਟੇ ਪੁੱਟੇ ਰੋਂਦੇ ਕੁਰਲਾਉਂਦੇ ਦਿੱਲੀ ਨੂੰ ਚਲੇ ਗਏ।

ਸੂਬੇਦਾਰ ਨੇ ਦੂਸਰੀ ਚਾਲ ਇਹ ਖੇਡੀ ਕਿ ਖਜ਼ਾਨੇ ਦੀ ਲੁੱਟ ਸਬੰਧੀ ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖਾਂ ਦੇ ਹੌਂਸਲੇ ਬਹੁਤ ਜਿਆਦਾ ਵਧ ਗਏ ਹਨ, ਇਸ ਲਈ ਉਸ ਨੂੰ ਹੋਰ ਫੌਜੀ ਮਦਦ ਭੇਜੀ ਜਾਵੇ। ਬਾਦਸ਼ਾਹ ਨੇ ਉਸ ਦੀ ਗੱਲ ਮੰਨ ਲਈ ਤੇ ਵੀਹ ਹਜ਼ਾਰ ਫੌਜ ਨਜ਼ੀਬ ਖਾਨ, ਸਫਦਰ ਖਾਨ ਅਤੇ ਜ਼ਾਫਰ ਖਾਨ ਦੀ ਕਮਾਂਡ ਹੇਠ ਉਸ ਦੀ ਮਦਦ ਲਈ ਭੇਜ ਦਿੱਤੀ। ਪਰ ਸਾਰੀ ਵਾਹ ਲਗਾਉਣ ਦੇ ਬਾਵਜੂਦ ਜ਼ਕਰੀਆ ਖਾਨ ਸਿੱਖਾਂ ਨੂੰ ਬਲ ਨਾਲ ਦਬਾ ਨਾ ਸਕਿਆ ਤਾਂ ਉਸ ਨੇ ਕੂਟਨੀਤੀ ਰਾਹੀਂ ਸ਼ਾਂਤੀ ਸਥਾਪਿਤ ਕਰਨੀ ਚਾਹੀ। ਉਹ ਸਮਝ ਗਿਆ ਸੀ ਕਿ ਸਿੱਖਾਂ ਨੂੰ ਸੰਤੁਸ਼ਟ ਕੀਤੇ ਬਿਨਾਂ ਪੰਜਾਬ ਦੀ ਆਰਥਿਕਤਾ ਮੁੜ ਲੀਹਾਂ 'ਤੇ ਨਹੀਂ ਲਿਆਂਦੀ ਜਾ ਸਕਦੀ। 1733 ਈਸਵੀ ਦੀ ਦੀਵਾਲੀ ਮਨਾਉਣ ਲਈ ਸਾਰੇ ਸਿੱਖ

**ਸੂਬੇਦਾਰ ਨੇ ਆਪਣੀ ਜਾਨ ਬਚਾਉਣ ਲਈ ਦਿੱਲੀ ਦੇ ਜਰਨੈਲਾਂ ਨਾਲ ਧੋਖਾ ਕੀਤਾ ਤੇ ਬੋਰੀਆਂ ਵਿੱਚ ਮੋਹਰਾਂ ਭਰ ਕੇ ਇਹ ਕਹਿ ਦਿੱਤਾ ਕਿ ਤਿੰਨ ਕਰੋੜ ਰੁਪਏ ਹਨ, ਪਰ ਅਸਲ ਵਿੱਚ ਰਕਮ ਬਹੁਤ ਘੱਟ ਸੀ। ਜਰਨੈਲਾਂ ਨੇ ਪੈਸੇ ਨਾ ਗਿਣੇ ਤੇ ਸੂਬੇਦਾਰ 'ਤੇ ਯਕੀਨ ਕਰ ਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਸੂਬੇਦਾਰ ਨੂੰ ਫਿਕਰ ਪੈ ਗਿਆ ਕਿ ਜੇ ਬਾਦਸ਼ਾਹ ਨੂੰ ਇਸ ਧੋਖੇ ਦਾ ਪਤਾ ਚੱਲ ਗਿਆ ਤਾਂ ਗੱਦੀ ਤਾਂ ਜਾਵੇਗੀ ਹੀ, ਸਿਰ ਵੀ ਧੜ ਨਾਲੋਂ ਅਲੱਗ ਹੋ ਸਕਦਾ ਹੈ। ਉਸ ਨੇ ਇੱਕ ਚਾਲ ਚੱਲੀ ਤੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਦਿੱਲੀ ਜਾ ਰਹੇ ਖਜ਼ਾਨੇ ਬਾਰੇ ਖਬਰ ਭੇਜ ਦਿੱਤੀ। ਜਦੋਂ ਦਿੱਲੀ ਦੀ ਫੌਜ ਦਰਿਆ ਬਿਆਸ ਦੇ ਕਿਨਾਰੇ ਪਹੁੰਚੀ ਤਾਂ ਰਾਤ ਨੂੰ ਸਿੱਖਾਂ ਨੇ ਉਹਨਾਂ ਦੇ ਕੈਂਪ 'ਤੇ ਹਮਲਾ ਕਰ ਦਿੱਤਾ ਤੇ ਖਜ਼ਾਨਾ ਲੁੱਟ ਕੇ ਚਲਦੇ ਬਣੇ। ਮੁਗਲ ਲੁੱਟੇ ਪੁੱਟੇ ਰੋਂਦੇ ਕੁਰਲਾਉਂਦੇ ਦਿੱਲੀ ਨੂੰ ਚਲੇ ਗਏ।**

ਜਥੇ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਇਸ ਮੌਕੇ ਜ਼ਕਰੀਆ ਖਾਨ ਨੇ ਭਾਈ ਸੁਬੇਗ ਸਿੰਘ ਨੂੰ ਦੂਤ ਬਣਾ ਕੇ ਪੰਥ ਨਾਲ ਸੁਲ੍ਹਾ ਕਰਨ ਲਈ ਲੰਗਰ ਵਾਸਤੇ ਪੰਜ ਹਜ਼ਾਰ ਰੁਪਏ, ਇੱਕ ਲੱਖ ਰੁਪਏ ਸਲਾਨਾ ਦੀ ਜਾਗੀਰ ਅਤੇ ਨਵਾਬੀ ਦੀ ਖਿਲ੍ਹਤ ਭੇਜੀ। ਉਸ ਵੇਲੇ ਪੰਥ ਦਾ ਪ੍ਰਧਾਨ ਸੈਨਾਪਤੀ ਅਤੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਸੀ। ਜਦੋਂ ਉਸ ਨੇ ਪੰਥ ਦੀ ਰਾਏ ਪੁੱਛੀ ਤਾਂ ਬਹੁਤਿਆਂ ਨੇ ਇਹ ਪੇਸ਼ਕਸ਼ ਨਾਮੰਜ਼ੂਰ ਕਰਨ ਦੀ ਸਲਾਹ ਦਿੱਤੀ।

ਪਰ ਭਾਈ ਸੁਬੇਗ ਸਿੰਘ ਨੇ ਬਹੁਤ ਹੀ ਸਿਆਣਪ ਵਾਲੀ ਬੇਨਤੀ ਕੀਤੀ, "ਨੀਤੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਘਰ ਆਈ ਅਜਿਹੀ ਪੇਸ਼ਕਸ਼ ਮੋੜੀ ਨਾ ਜਾਵੇ। ਸੁਲ੍ਹਾ ਵਾਸਤੇ ਪੰਥ ਨੇ ਦਰਖਾਸਤ ਨਹੀਂ ਕੀਤੀ, ਸਗੋਂ ਲਾਹੌਰ ਸਰਕਾਰ ਨੇ ਡਰ ਕੇ ਕੀਤੀ ਹੈ। ਇਸ ਵਿੱਚ ਪੰਥ ਦੀ ਸ਼ਾਨ ਹੈ, ਨਿਰਾਦਰੀ ਨਹੀਂ। ਸੋ ਸਭ ਕੁਝ ਪ੍ਰਵਾਨ ਕਰ ਲੈਣਾ ਚਾਹੀਦਾ ਹੈ।"ਭਾਈ ਸਾਹਿਬ ਦੀ ਸਲਾਹ ਸਰਬ ਸੰਮਤੀ ਨਾਲ ਮੰਨ ਲਈ ਗਈ ਤੇ ਸ. ਕਪੂਰ ਸਿੰਘ ਨੂੰ ਨਵਾਬ ਥਾਪ ਦਿੱਤਾ ਗਿਆ। ਭਾਈ ਸਾਹਿਬ ਦੀ ਇਸ ਸੇਵਾ ਬਦਲੇ ਜ਼ਕਰੀਆ ਖਾਨ ਨੇ ਉਸ ਨੂੰ ਲਾਹੌਰ ਦਾ ਕੋਤਵਾਲ ਥਾਪ ਦਿੱਤਾ। ਕੋਤਵਾਲ ਬਣ ਕੇ ਭਾਈ ਸੁਬੇਗ ਸਿੰਘ ਨੇ ਪੰਥ ਦੀ ਬਹੁਤ ਸੇਵਾ ਕੀਤੀ। ਚਰਖੀ ਅਤੇ ਸੂਲੀ ਆਦਿ ਸਜ਼ਾਵਾਂ ਬੰਦ ਕਰਵਾ ਦਿੱਤੀਆਂ ਅਤੇਦਰਵਾਜ਼ਿਆਂ ਉੱਪਰ ਚਿਣੇ ਹੋਏ ਅਤੇ ਖੂਹਾਂ ਖੱਡਾਂ ਵਿੱਚ ਸੁੱਟੇ ਹੋਏ ਸਿੰਘਾਂ ਦੇ ਸਿਰ ਅਤੇਹੋਰ ਅਵਸ਼ੇਸ਼ ਲੱਭ ਕੇ ਗੁਰ ਮਰਿਆਦਾ ਅਨੁਸਾਰ ਅੰਤਿਮ ਸੰਸਕਾਰ ਕਰਵਾਇਆ। ਇਸ ਤੋਂ ਇਲਾਵਾ ਉਸ ਨੇ ਸਖਤੀ ਨਾਲ ਲਾਹੌਰ ਵਿੱਚ ਅਮਨ ਕਾਨੂੰਨ ਦੀ ਸਥਾਪਨਾ ਕੀਤੀ।



ਪਰ ਸਿੱਖਾਂ ਨਾਲ ਸ਼ਾਂਤੀ ਸੰਧੀ ਬਹੁਤਾ ਚਿਰ ਨਿਭ ਨਾ ਸਕੀ। 1735 ਈਸਵੀ ਵਿੱਚ ਜਾਗੀਰ ਜ਼ਬਤ ਕਰ ਲਈ ਗਈ ਪਰ ਭਾਈ ਸਾਹਿਬ ਲਾਹੌਰ ਦੇ ਕੋਤਵਾਲ ਬਣੇ ਰਹੇ। ਪਹਿਲੀ ਜੁਲਾਈ 1745 ਈਸਵੀ ਨੂੰ ਜ਼ਕਰੀਆ ਖਾਨ ਦੀ ਪਿਸ਼ਾਬ ਦਾ ਬੰਨ੍ਹ ਪੈਣ ਕਰਨ ਮੌਤ ਹੋ ਗਈ ਤੇ ਲਾਹੌਰ ਦੀ ਸੂਬੇਦਾਰੀ ਉਸ ਦੇ ਪੁੱਤਰ ਯਾਹੀਆ ਖਾਨ ਨੂੰ ਮਿਲ ਗਈ। ਯਾਹੀਆ ਖਾਨ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਥਾਪ ਦਿੱਤਾ ਤੇ ਸਿੱਖਾਂ ਦੇ ਖਿਲਾਫ ਸਖਤੀ ਦਾ ਦੌਰ ਦੁਬਾਰਾ ਸ਼ੁਰੂ ਹੋ ਗਿਆ।ਫਰਵਰੀ 1746 ਈਸਵੀਨੂੰ ਸਿੱਖਾਂ ਦਾ ਇੱਕ ਜਥਾ ਸ਼ਾਹੀ ਫੌਜਾਂ ਨਾਲ ਝੜਪ ਤੋਂ ਬਾਅਦ ਏਮਨਾਬਾਦ ਦੇ ਇਲਾਕੇ ਵਿੱਚ ਪਹੁੰਚ ਗਿਆ। ਏਮਨਾਬਾਦ ਦਾ ਫੌਜਦਾਰ ਜਸਪਤ ਰਾਏ, ਦੀਵਾਨ ਲਖਪਤ ਰਾਏ ਦਾ ਛੋਟਾ ਭਰਾ ਸੀ। ਉਸ ਨੂੰ ਸਿੱਖਾਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਉਸ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖ ਲੜਨਾ ਨਹੀਂ ਸਨ ਚਾਹੁੰਦੇ, ਪਰ ਲੜਾਈ ਬਦੋਬਦੀ ਉਹਨਾਂ ਦੇ ਗਲ ਪੈ ਗਈ। ਜਸਪਤ ਰਾਏ ਹਾਥੀ 'ਤੇ ਬੈਠਾ ਆਪਣੀ ਫੌਜ ਦੀ ਅਗਵਾਈ ਕਰ ਰਿਹਾ ਸੀ ਕਿ ਇੱਕ ਸਿੱਖ ਨਿਬਾਹੂ ਸਿੰਘ ਦੀ ਨਜ਼ਰੇ ਪੈ ਗਿਆ। ਨਿਬਾਹੂ ਸਿੰਘ ਪੂਛ ਪਕੜ ਕੇ ਹਾਥੀ 'ਤੇ ਜਾ ਚੜ੍ਹਿਆ ਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਫੌਜਦਾਰ ਦੇ ਡਿੱਗਦੇ ਸਾਰ ਨਿਖੱਸਮੀਆਂ ਫੌਜਾਂ ਹਰਨ ਹੋ ਗਈਆਂ।

ਆਪਣੇ ਭਰਾ ਦੇ ਕਤਲ ਦੀ ਖਬਰ ਸੁਣ ਕੇ ਲਖਪਤ ਰਾਏ ਨੂੰ ਅੱਗ ਲੱਗ ਗਈ। ਉਸ ਨੇ ਪੱਗ ਯਾਹੀਆ ਖਾਨ ਦੇ ਪੈਰਾਂ ਵਿੱਚ ਸੁੱਟ ਕੇ ਸਹੁੰ ਖਾਧੀ ਕਿ ਜਦ ਤੱਕ ਪੰਥ ਖਤਮ ਨਹੀਂ ਹੋ ਜਾਂਦਾ,ਉਹ ਪੱਗ ਨਹੀਂ ਬੰਨ੍ਹੇਗਾ। ਉਸ ਨੇ ਯਾਹੀਆ ਖਾਨ ਕੋਲੋਂ ਸਿੱਖਾਂ ਦੇ ਕਤਲੇਆਮ ਦਾ ਹੁਕਮ ਲੈ ਲਿਆ। ਇਸ ਤੋਂ ਪਹਿਲਾਂ ਸਿਰਫ ਜੰਗੀ ਸਿੱਖ ਹੀ ਸਰਕਾਰ ਦੇ ਬਾਗੀ ਸਮਝੇ ਜਾਂਦੇ ਸਨ, ਪਰ ਲਖਪਤ ਨੇ ਇੱਕ ਪਾਸਿਉਂ ਹੀ ਵਾਢਾ ਰੱਖ ਲਿਆ। ਲਾਹੌਰ ਅਤੇ ਆਸ ਪਾਸ ਅਮਨ ਅਮਾਨ ਨਾਲ ਵੱਸਦੇ ਤੇ ਸਰਕਾਰੀ ਨੌਕਰੀ ਕਰਦੇ ਸਾਰੇ ਸਿੱਖ ਗ੍ਰਿਫਤਾਰ ਕਰ ਲਏ ਗਏ। ਉਹਨਾਂ ਨੂੰ ਇਸਲਾਮ ਜਾਂ ਮੌਤ ਚੁਣਨ ਲਈ ਪੁੱਛਿਆ ਗਿਆ, ਪਰ ਇੱਕ ਵੀ ਸਿੱਖ ਨੇ ਧਰਮ ਨਾ ਛੱਡਿਆ। ਇਹਨਾਂ ਵਿੱਚ ਭਾਈ ਸੁਬੇਗ ਸਿੰਘ ਤੇ ਉਸ ਦਾ ਬੇਟਾ ਸ਼ਾਹਬਾਜ਼ ਸਿੰਘ ਵੀ ਸ਼ਾਮਲ ਸਨ। ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਹਿੰਦੂਆਂ ਨੇ ਦੀਵਾਨ ਕੌੜਾ ਮੱਲ ਦੀ ਅਗਵਾਈ ਹੇਠ ਲਖਪਤ ਨੂੰ ਇਹ ਜ਼ੁਲਮ ਨਾ ਕਰਨ ਦੀ ਬੇਨਤੀ ਕੀਤੀ, ਪਰ ਉਸ ਨੇ ਕਿਸੇ ਦੀ ਨਾ ਮੰਨੀ। ਭਾਈ ਸੁਬੇਗ ਸਿੰਘ ਸਮੇਤ ਸਾਰੇ ਸਿੱਖ ਮੱਸਿਆ ਵਾਲੇ ਦਿਨ 10 ਮਾਰਚ 1746 ਈਸਵੀ ਨੂੰ ਸ਼ਹੀਦ ਕੀਤੇ ਗਏ। ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਭਾਈ ਸਾਹਿਬ ਦੀ ਸ਼ਹੀਦੀ ਸਿੱਖ ਪੰਥ ਦੇ ਇਤਿਹਾਸ ਵਿੱਚ ਸੁਨਿਹਰੀ ਅੱਖਰਾਂ ਵਿੱਚ ਲਿਖੀ ਗਈ ਹੈ। -0-


## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।



ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਕੁੰਭ ਤੇ ਹੋਰ ਅਨ-ਮੱਤ ਮੇਲਿਆਂ ਮੌਕੇ

# ਬਿਖੇਰੀਏ ਗੁਰਮਤਿ ਚਾਨਣ ਕਿਰਨਾਂ

-ਗਿਆਨੀ ਕੇਵਲ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ) # 95920-93472

ਅੱਜ ਕੱਲ੍ਹ 2025 ਦੇ ਪਹਿਲੇ ਮਹੀਨੇ ਭਾਰਤ ਅੰਦਰ ਇਲਾਹਾਬਾਦ ਪਰਾਗਰਾਜ ਵਿਖੇ ਹਿੰਦੂ ਮੱਤ ਦੀ ਮੰਨਤ ਅਨੁਸਾਰ 12 ਵਰਿਆਂ ਮਗਰੋਂ ਆਉਣ ਵਾਲਾ ਕੁੰਭ ਮੇਲਾ ਚੱਲਦਾ ਰਿਹਾ ਹੈ। ਜੋ ਵੱਖ ਵੱਖ ਅਸਥਾਨਾਂ 'ਤੇ ਹਿੰਦੂ ਮੱਤ ਦੀਆਂ ਪਰੰਪਰਾ ਅਨੁਸਾਰ ਲੱਗਦਾ ਹੈ।

ਧੰਨ ਗੁਰੂ ਨਾਨਕ ਸਾਹਿਬ ਜੀ ਜਗਤ ਉਧਾਰਣ ਲਈ ਸੰਸਾਰ ਅੰਦਰ ਅਕਾਲ ਪੁਰਖ ਵਾਹਿਗੁਰੂ ਜੀ ਤੋਂ ਜੋਤਿ ਜੁਗਤਿ ਦੀਆਂ ਦਾਤਾਂ ਲੈ ਕੇ ਆਏ ਹਨ। ਉਸ ਵਕਤ, ਮਜ਼੍ਹਬ ਦੇ ਨਾਮ 'ਤੇ, ਧਰਮ ਗ੍ਰੰਥਾਂ ਤੇ ਧਰਮ ਪੁਜਾਰੀਆਂ ਦੀ ਭਰਮਾਰ ਤੇ ਸੀ । ਮਗਰ ਸਮਾਜ ਅੰਦਰ ਗਿਆਨ ਅਨੁਸਾਰ ਜੀਵਨ ਜਿਊਣ ਵਾਲਿਆਂ ਦੀ ਥਾਂ ਅੰਧ ਵਿਸ਼ਵਾਸੀ ਕਰਮਕਾਂਡਾ ਦੀਆਂ ਰੀਤਾਂ ਰਸਮਾਂ ਭਾਰੂ ਸਨ। ਗੁਰੂ ਜੀ ਦੇ ਸਾਹਮਣੇ ਸਮਸਤ ਸੰਸਾਰ ਦਾ ਉਧਾਰ ਨਿਸ਼ਾਨਾ ਸੀ। ਸਭ ਤੋਂ ਪਹਿਲਾਂ ਗੁਰੂ ਜੀ ਨੇ ਸੰਸਾਰ ਦੀ ਸਮੁੱਚੀ ਦਸ਼ਾ ਨੂੰ ਅਕਾਲ ਪੁਰਖ ਵਾਹਿਗੁਰੂ ਜੀ ਦੀ ਮਿਹਰ ਨਾਲ ਜਾਣਿਆ ਤੇ ਸੰਸਾਰ ਨੂੰ ਦੱਸਿਆ। ਭਾਈ ਗੁਰਦਾਸ ਜੀ ਦੇ ਬਚਨ ਹਨ:- ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਵੀ ਦਿਸਿ ਆਈ।

ਇਸ ਦਸ਼ਾ ਵਿੱਚੋਂ ਸੰਸਾਰ ਨੂੰ ਕੱਢਣ ਲਈ " ਉਦਾਸੀ ਦੀ ਰੀਤਿ ਚਲਾਈ " ।

ਉਨ੍ਹਾਂ ਜਗਤ ਦਾ ਧਿਆਨ ਖਿੱਚਣ ਲਈ " ਬਾਬੇ ਭੇਖ ਬਣਾਇਆ "। ਮਕਸਦ ਵਿਸ਼ੇਸ਼ ਤੇ ਵਿਸ਼ਾਲ ਸੀ: ਚੜ੍ਹਿਆ ਸੋਧਣਿ ਧਰਤਿ ਲੁਕਾਈ।

ਗੁਰੂ ਨਾਨਕ ਸਾਹਿਬ ਵੱਖ ਵੱਖ ਮੱਤ ਮਤਾਂਤਰਾਂ ਦੇ ਮਜ਼ਬੀ ਅਸਥਾਨਾਂ 'ਤੇ ਰੱਬੀ ਗਿਆਨ ਲਈ ਵੱਖ ਵੱਖ ਜਾਮਿਆਂ ਵਿਚ ਗਏ। ਉੱਥੇ ਜੁੜੇ ਮਨੁੱਖਾਂ ਨੂੰ ਗਿਆਨ ਦੇਣ ਲਈ ਵੱਖ ਵੱਖ ਢੰਗ ਅਪਨਾਏ। ਖਾਸ ਮਜ਼ਬੀ ਦੁਨੀਆਂ ਦੇ ਪ੍ਰਚਾਰਕ ਤਥਾ ਜ਼ਿੰਮੇਵਾਰ ਸੱਜਣਾਂ ਨਾਲ ਸੰਵਾਦ ਰਚ ਕੇ ਉਨ੍ਹਾਂ ਨੂੰ ਰੱਬੀ ਮਾਰਗ ਬਾਰੇ ਸਹੀ ਬੋਧ ਕਰਵਾਏ ਜਾਣ ਦੇ ਅਨੇਕਾਂ ਪਰਸੰਗ ਇਤਿਹਾਸ ਦੇ ਪੰਨੇ 'ਤੇ ਮੌਜੂਦ ਹਨ।

ਸਿੱਖ ਦੀ ਜਦੋਂ ਪਰਿਭਾਸ਼ਾ ਪੜ੍ਹਦੇ ਵਿਚਾਰਦੇ ਹਾਂ ਤਾਂ ਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਸਾਡੀ ਅਗਵਾਈ ਕਰਦੇ ਹਨ ਕਿ ਸਿੱਖ ਨੇ ਸਿੱਖੀ ਦੀ ਕਮਾਈ ਕਰਕੇ ਦੋ ਕਰਮ ਦੁਨਿਆਵੀ ਕਿਰਤ ਵਿਹਾਰ ਕਰਦਿਆਂ ਕਰਨੇ ਹਨ।

ਇਕ ਕਰਮ ਖ਼ੁਦ ਰੱਬੀ ਯਾਦ ਦਾ ਪੱਲਾ ਘੁੱਟ ਕੇ ਫੜਨ ਦਾ ਹੈ। ਭਾਵ ਹਰ ਵਕਤ ਰੱਬ ਜੀ ਯਾਦ ਵਿਚ ਰਹਿਣਾ ਹੈ। ਦੂਜਾ ਕਰਮ ਹੈ ਦੂਜਿਆਂ ਨੂੰ ਰੱਬੀ ਵਿਸ਼ਵਾਸ ਨਾਲ ਤੇ ਯਾਦ ਨਾਲ ਜੋੜਨਾ।



**ਕੁੰਭ ਆਦਿ ਮੇਲਿਆਂ ਨੂੰ ਗੁਰਮਤਿ ਪ੍ਰਚਾਰ-ਪ੍ਰਸਾਰ ਲਈ ਕਿਵੇਂ ਵਰਤ ਸਕਦੇ ਹਾਂ ਮੁੜ ਵਿਚਾਰ ਕਰੀਏ! ਇਸ ਵਿਚ ਕੋਈ ਸ਼ੱਕ ਨਹੀਂ ਦੇਸ਼ ਦੇ ਹਾਲਾਤ 360 ਡਿਗਰੀ ਕੋਨ 'ਤੇ ਘੁੰਮ ਗਏ ਹਨ। ਉਸ ਦੌਰ ਵਿਚ ਸਾਨੂੰ ਜਵਾਨੀ ਦਹਿਲੀਜ਼ ਉਮਰੇ ਯੂ. ਪੀ. ਦੇ ਪਿੰਡਾਂ ਵਿਚ ਸਵਾਣੀਆਂ 'ਗੁਰੂ ਜੀ' ਕਹਿ ਕੇ ਸੰਬੋਧਨ ਹੁੰਦੀਆਂ ਸਨ। ਮਰਦ ਵੀ ਅਸਚਰਜ ਖੇਡ ਜੈਸਾ ਸਤਿਕਾਰ ਤੇ ਸਾਥ ਵਧਾਉਂਦੇ ਸਨ। ਦਾਸ ਦਾ ਜ਼ਾਤੀ ਵਿਸ਼ਵਾਸ ਹੈ ਕਿ ਸਾਨੂੰ ਗੁਰਮਤਿ ਗੁਰਬਾਣੀ ਦੀ ਅਗਵਾਈ ਨੂੰ ਮੁੜ ਸਮਝ ਕੇ ਜੀਵਨ ਅਮਲ ਦੇ ਸੱਚ ਰੂਪ ਵਿਚ ਤੁਰਨ ਲਈ ਅੱਗੇ ਵਧਣਾ ਚਾਹੀਦਾ ਹੈ। ਸੰਸਾਰ ਬੇਤਾਬ ਹੈ ਧੰਨ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ੀ ਗਿਆਨ ਵਿਚਾਰਧਾਰਾ ਨੂੰ ਸੁਣਨ ਲਈ!**

ਸਿੱਖ ਨੇ ਗੁਰਮਤਿ ਪ੍ਰਚਾਰ ਦਾ ਖੇਤਰ ਸਾਰੇ ਸੰਸਾਰ ਨੂੰ ਮੰਨਣਾ ਹੈ ਤੇ ਹਰ ਪ੍ਰਾਣੀ-ਮਾਤਰ ਨੂੰ ਗੁਰਮਤਿ ਦੀ ਜਾਣਕਾਰੀ ਵੰਡਣੀ ਹੈ ਆਪਣੇ ਅਮਲੀ ਜੀਵਨ ਨੂੰ ਜਿਉਂਦਿਆਂ।

ਵੇਖਣ ਵਿਚ ਆਉਂਦਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ 'ਤੇ ਬਤੌਰੇ ਸਿੱਖ ਪ੍ਰਚਾਰਕ ਦੇ ਤੌਰ ਤੇ ਵਿਚਰਨ ਵਾਲੇ ਸਿੱਖ, ਜਿਨ੍ਹਾਂ ਨੂੰ ਗੁਰਮਤਿ ਸਿਧਾਂਤਾਂ ਦੀ ਸਮਝ ਹੈ; ਉਹ ਅਨਮੱਤੀ ਅਸਥਾਨਾਂ 'ਤੇ ਉਨ੍ਹਾਂ ਪੈਰੋਕਾਰਾਂ ਵੱਲੋਂ ਆਪਣੀਆਂ ਮਜ਼ਬੀ ਮਨੌਤਾਂ ਜੋ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਦੀ ਵੱਖ ਵੱਖ ਤਰ੍ਹਾਂ ਆਲੋਚਨਾ ਕਰਦੇ ਹਨ ਤੇ ਇਹ ਸਿਲਸਿਲਾ ਵੱਡਾ ਹੋ ਰਿਹਾ ਹੈ। ਸਿੱਖ ਕਹਾਉਣ ਵਾਲਿਆਂ ਵਿਚ ਜੋ ਭਰਮ ਭੇਖ ਤੇ ਅੰਧ ਵਿਸ਼ਵਾਸ ਕਰਮਕਾਂਡ ਦੇ ਪ੍ਰਭਾਵ ਹੇਠ ਸੱਜਣ ਹਨ ਉਨ੍ਹਾਂ ਦੇ ਅਨਮਤੀ ਥਾਵਾਂ 'ਤੇ ਜਾਣ ਨੂੰ ਲੈ ਕੇ ਵੱਖ ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਸਦੀਆਂ ਤੋਂ ਗੁਰਮਤਿ ਤੱਤ ਅਸੂਲਾਂ ਤੋਂ ਦੂਰ ਰਹਿ ਕੇ ਵਿਚਰਨ ਵਾਲੀਆਂ ਨਿਰਮਲੇ ਤੇ ਉਦਾਸੀਆਂ ਦੀਆਂ ਜੱਥੇਬੰਦੀਆਂ ਦੇ ਆਗੂ ਤੇ ਸੇਵਕ ਅਨਮਤੀਆਂ ਦੇ ਮੇਲਿਆਂ ਵਿਚ ਜਾਂਦੇ ਵਿਚਰਦੇ ਆ ਰਹੇ ਹਨ। ਉਨ੍ਹਾਂ ਨਾਲ ਜੁੜੇ ਕੁਝ ਸਿੱਖ ਕਹਾਉਣ ਵਾਲੇ ਇਨ੍ਹਾਂ ਮੇਲਿਆਂ ਵਿਚ ਵੀ ਜਾਂਦੇ ਰਹਿੰਦੇ ਹਨ।

ਅਸੀਂ ਪ੍ਰਚਾਰਕ ਕਹਾਉਣ ਵਾਲੇ ਵੱਖ ਵੱਖ ਤਰ੍ਹਾਂ ਆਲੋਚਨਾ ਕਰਦੇ ਹਾਂ। ਕਿਉਂਕਿ ਅੱਜ ਕੱਲ੍ਹ ਕਈ ਪ੍ਰਕਾਰ ਦੇ ਪ੍ਰਚਾਰ-ਪ੍ਰਸਾਰ ਸਾਧਨ ਨਵੇਂ ਵਰਤੋਂ ਵਿਚ ਆਉਣ ਨਾਲ ਇਹ ਚਰਚਾ ਆਮ ਹੁੰਦੀ ਜਾ ਰਹੀ ਹੈ। ਮੁਬਾਰਕ ਹੈ ਸਿਧਾਂਤ ਦੀ ਸਮਝ ਤੇ ਵਿਚਾਰ।

ਸੋਚਣਾ ਇਹ ਪਵੇਗਾ ਕਿ ਕੀ ਸਾਡੀਆਂ ਇਨ੍ਹਾਂ ਟਿੱਪਣੀਆਂ ਤੇ ਵਿਚਾਰਾਂ ਨਾਲ ਪੰਥਕ ਤੌਰ ਤੇ ਕਿਸੇ ਪ੍ਰਕਾਰ ਦਾ ਲਾਭ ਪ੍ਰਾਪਤ ਹੁੰਦਾ ਹੈ ਜਾਂ ਆਪਣਿਆਂ 'ਚ ਆਪਣੀ ਸਿਆਣਪ ਵਿਖਾਉਣ ਦੀ ਧਾਰਨਾ ਤਹਿਤ ਜ਼ਾਤੀ ਸੰਤੁਸ਼ਟੀ ਦੀ ਕਿਰਿਆ ਮਾਤਰ ਹੀ ਹੁੰਦਾ ਹੈ ਸਭ ਕੁਝ।

ਸਵਾਲ ਹੈ ਕਿ ਸਾਨੂੰ ਸਿੱਖ ਕਹਾਉਣ ਵਾਲਿਆਂ ਨੂੰ ਅਨਮੱਤੀਆਂ ਦੇ ਜੋੜ ਮੇਲਿਆਂ ਵਿਚ ਜਾ ਕੇ ਗੁਰਮਤਿ ਪ੍ਰਚਾਰ ਦਾ ਮੌਕਾ ਲੈਣ ਲਈ ਪਹਿਲ

ਕਿਵੇਂ ਕਰਨੀ ਚਾਹੀਦੀ ਹੈ? ਜਾਂ ਨਹੀਂ ਕਰਨੀ ਚਾਹੀਦੀ?

ਦਾਸ ਦਾ ਸੁਭਾਗ ਰਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਹੇਠ ਪ੍ਰਚਾਰਕ ਦੀ ਸੇਵਾ ਕਰਨ ਦਾ ਸੰਨ 1976-78 ਤੱਕ ਬਲਕਿ 79 ਤੱਕ। ਇਹ ਉਹ ਮੌਕਾ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁੰਭ ਦੇ ਮੇਲਿਆਂ ਉੱਤੇ " ਗੁਰਮਤਿ ਪ੍ਰਚਾਰ ਸਮਾਗਮ " ਰੱਖੇ ਜਾਂਦੇ ਸਨ 15-15 ਦਿਨ , ਮਹੀਨਾ ਮਹੀਨਾ ਜਾਂ ਇਸ ਤੋਂ ਵੀ ਵੱਧ ਸਮੇਂ ਲਈ ਓੱਥੇ ਟਿਕਾਣੇ ਰੱਖੇ ਜਾਂਦੇ ਸਨ। ਇਹ ਗੱਲ ਕਰਨੀ ਵੀ ਕੁਥਾਂ ਨਹੀਂ ਹੋਵੇਗੀ ਉਸ ਵਕਤ ਸਾਡੇ ਮੁਖੀ ਜੋ ਯੂ. ਪੀ. ਸਿੱਖ ਮਿਸ਼ਨ ਦੇ ਆਗੂ ਕੌਮ ਦੀ ਇਕ ਅਤਿ ਸਤਿਕਾਰਯੋਗ ਹਸਤੀ ਗਿਆਨੀ ਫੌਜਾ ਸਿੰਘ ਜੀ ਸਨ। ਉਨ੍ਹਾਂ ਬਾਰੇ ਅੱਜ ਅਸੀਂ ਸ਼ਾਇਦ ਕੋਈ ਕਿੱਧਰੇ ਥੋੜ੍ਹਾ ਕਿਸੇ ਪਾਸੇ ਤੋ ਸੁਣਿਆ ਹੋਵੇ ?

ਦਾਸ ਉਨ੍ਹਾਂ ਬਾਰੇ ਦੱਸਣਾ ਜ਼ਰੂਰੀ ਸਮਝਦਾ ਹੈ। ਉਹ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ 1927 ਵਾਲੇ ਪਹਿਲੇ ਵਿਦਿਆਰਥੀਆਂ ਵਿਚੋਂ ਇਕ ਸਨ। ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਸ਼ਾਗਿਰਦ ਸਨ। ਉਸ ਵਕਤ ਉਮਰ 80 ਸਾਲਾਂ ਦੇ ਨੇੜੇ ਹੋਵੇਗੀ। ਬਹੁਤ ਗੁਣੀ, ਕਮਾਲ ਦੇ ਪ੍ਰਚਾਰਕ ਸਨ। ਭਾਸ਼ਾਵਾਂ ਦਾ ਢੇਰ ਗਿਆਨ ਸੀ। ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ, ਫ਼ਾਰਸੀ, ਸੰਸਕ੍ਰਿਤ, ਕਾਂਗੜੀ, ਲਹਿੰਦੀ, ਪੋਠੋਹਾਰੀ, ਡੋਗਰੀ, ਹਰਿਆਣਵੀ, ਗੁਜਰਾਤੀ, ਭੋਜਪੁਰੀ ਆਦਿ ਦੇ ਜਾਣਕਾਰ ਸਨ। ਵੱਡੀਆਂ ਜ਼ਿੰਮੇਦਾਰੀਆਂ ਨਿਭਾਈਆਂ ਸਨ ਉਨ੍ਹਾਂ। ਨਿੱਜੀ ਸਕੱਤਰ ਮਾਸਟਰ ਤਾਰਾ ਸਿੰਘ ਜੀ, ਬੀਰ ਖ਼ਾਲਸਾ ਦਲ ਪ੍ਰਮੁੱਖ (ਆਰ ਐਸ ਐਸ ਦਾ ਮੁਕਾਬਲਾ ਕਰਨ ਲਈ ਬਣਾਈ ਗਈ ਸੀ ਜੱਥੇਬੰਦੀ) ਤੇ ਗਿਆਨੀ ਫੌਜਾ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਵੀ ਰਹੇ। ਉਨ੍ਹਾਂ ਦਾ ਪ੍ਰਚਾਰ ਢੰਗ ਜਾਦੂ ਭਰਿਆ ਅਸਰ ਰੱਖਦਾ। ਵਿਚਾਰ ਚਰਚਾਵਾਂ ਦੇ ਧੁਨੰਤਰ ਸਨ।

ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ, ਦੀਵਾਨ ਸਜਦੇ ਤੇ ਸਥਾਨਿਕ ਭਾਸ਼ਾਵਾਂ ਵਿਚ ਪ੍ਰਚਾਰ ਕੀਤਾ ਜਾਂਦਾ ਸੀ। ਕਵਿਤਾਵਾਂ ਤੇ ਵਿਆਖਿਆਵਾਂ, ਹਿੰਦੀ ਭੋਜਪੁਰੀ, ਸਾਧੂਖੜੀ ਸਥਾਨਕ ਹਿੰਦੀ ਤੇ ਸੰਸਕ੍ਰਿਤ ਵਿਚ ਹੁੰਦੀਆਂ। ਓੱਥੇ ਸੈਂਕੜਿਆਂ ਦੀ ਗਿਣਤੀ ਸਥਾਨਕ ਵਾਸੀਆਂ ਦੀ ਹੁੰਦੀ ਸੀ। ਬਹੁਤ ਪਿਆਰ ਨਾਲ ਗੁਰਬਾਣੀ ਇਤਿਹਾਸ ਸੁਣਦੇ ਤੇ ਪ੍ਰਭਾਵਿਤ ਹੁੰਦੇ। ਅਸੀਂ ਵੀ ਹਿੰਦੂਤਵੀ ਹਰ ਭੇਖ ਸੰਪਰਦਾ ਨੂੰ ਵੇਖਦੇ ਤੇ ਸਮਝਣ ਦਾ ਯਤਨ ਕਰਦੇ ਸਾਂ। ਇਹ ਉਹ ਸਮਾਂ ਸੀ ਜਦੋਂ ਹਿੰਦੂਤਵੀਆਂ ਦੀ ਸੰਤੋਸ਼ੀ ਮਾਂ ਪੈਦਾ ਹੋਈ ਸੀ।ਸਾਡੇ ਨਾਲ ਕਈ ਤਰ੍ਹਾਂ ਦੇ ਸਵਾਲ ਜਵਾਬ ਵੀ ਹੁੰਦੇ।ਮਾਣ ਮਹਿਸੂਸ ਹੁੰਦਾ ਸੀ ਕਿ ਸਾਨੂੰ ਸਾਡੇ ਸਤਿਗੁਰੂ ਜੀ ਨੇ ਇਸ ਸੇਵਾ ਵਿਚ ਲਾਇਆ ਹੋਇਆ ਹੈ। ਪ੍ਰਚਾਰਕ ਦੀਆਂ ਵੱਡੀਆਂ ਜ਼ਿੰਮੇਦਾਰੀਆਂ ਦਾ ਅਹਿਸਾਸ ਵੀ ਇੱਥੇ ਵਿਚਰਦਿਆਂ ਮਿਲਿਆ।

ਅੱਜ ਸਾਡਾ ਪ੍ਰਚਾਰ ਖੇਤਰ ਕੇਵਲ ਗੁਰਦੁਆਰਾ ਸਾਹਿਬ ਦੀਆਂ ਚਾਰ ਦਿਵਾਰੀਆਂ ਦੇ ਅੰਦਰ ਹੀ ਸੀਮਤ ਹੋ ਰਿਹਾ ਹੈ ਓੱਥੇ ਵੀ ਗੁਰਮਤਿ ਪ੍ਰਚਾਰ ਨ ਮਾਤਰ ਹੈ। ਵਧੇਰੇ ਮਨੌਤਾਂ ਪਰੰਪਰਾਵਾਂ ਦਾ ਪਾਲਣ ਵਧ ਹੋਣ ਲੱਗਿਆ ਹੈ। ਗੁਰਬਾਣੀ ਗੁਰੂ ਦੀ ਸੋਝੀ ਵਾਲੇ ਪ੍ਰਚਾਰ ਤੋਂ ਅਸੀਂ ਕਿਨਾਰਾਕਸ਼ੀ ਕਰ ਗਏ ਜਾਪਦੇ ਹਾਂ।

ਉਹ ਪਲ ਕਦੋਂ ਤੇ ਕਿਵੇਂ ਵਾਪਸ ਆਉਣਗੇ? ਜਦੋਂ ਕਿ ਅੱਜ ਅਸੀਂ ਸੰਸਾਰ ਦੇ ਕੋਨੇ ਕੋਨੇ ਵਿਚ ਵੱਸਦੇ ਹਾਂ। ਫ਼ਿਕਰ ਸਾਡਾ ਵਧੀ ਜਾ ਰਿਹਾ ਹੈ। ਸੰਸਾਰ ਭਰ ਵਿਚ ਸਿੱਖ ਪਰਵਾਰਾਂ ਦੇ ਪ੍ਰਾਣੀ ਅਨਮੱਤੀਆਂ ਦੇ ਅਸਰ ਹੇਠ ਜਾਣ ਲੱਗੇ ਹਨ।

ਆਓ, ਗੁਰੂ ਜੀ ਦੇ ਬਖਸ਼ਿਓ! ਆਪਾਂ ਸਿੱਖੀ ਪ੍ਰਤੀ ਖ਼ੁਦ ਮਨ ਬਚਨ ਕਰਮ ਕਰਕੇ ਸੁਹਿਰਦ ਹੋ ਕੇ ਅਮਲੀ ਜੀਵਨ ਜੀਵੀਏ। ਸੰਸਾਰ ਸਾਹਮਣੇ ਸਿੱਖ ਜੀਵਨ ਦਾ ਆਚਾਰ, ਵਿਹਾਰ ਤੇ ਕਿਰਦਾਰ ਸਥਾਪਿਤ ਕਰੀਏ। ਸਾਡੇ ਵਿਚ ਪਸਰੇ ਕੱਚੇ ਪਿੱਲੇਪਨ ਨੂੰ ਦੂਰ ਕਰਨ ਲਈ ਜ਼ਾਤੀ ਜਮਾਤੀ ਪੱਧਰ ਦੇ ਉਪਰਾਲੇ ਤਲਾਸ਼ੀਏ!

ਹੁਣ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਮਿਸ਼ਨ ਤੇ ਭਾਰਤ ਦੇ ਕਈ ਸੂਬਿਆਂ ਵਿਚ ਸਥਾਪਿਤ ਹਨ ਕਰੋੜਾਂ ਰੁਪਿਆ ਵੀ ਖਰਚ ਹੋ ਰਿਹਾ ਹੈ। ਮਗਰ ਨਤੀਜਿਆਂ ਦਾ ਇੰਤਜ਼ਾਰ ਹੈ। ਦਾਸ ਦੇ ਜੀਵਨ ਸਫ਼ਰ ਵਿਚ ਹਜ਼ਾਰਾਂ ਉਹ ਪਰਵਾਰ ਸਿੱਖੀ ਵਿਚ ਆਏ ਹਨ ਜੋ ਸਿੱਖ ਸ਼ਰਧਾਲੂ ਦੇ ਤੌਰ 'ਤੇ ਵਿਚਰ ਰਹੇ ਸਨ। ਕੁੱਲੇ ਤੇ ਤੁਰਲੇ ਵਾਲੀਆਂ ਪੱਗਾਂ ਬੰਨਦੇ ਸਨ। ਵਣਜਾਰੇ, ਝਾਂਗੀ,ਪਸਾਦੇ , ਥਾਰੂ, ਜਾਟਵ , ਜਾਟ ਤੇ ਸਿੰਧੀ ਆਦਿ ਭਾਈਚਾਰੇ ਖ਼ਾਲਸਈ ਰਹਿਤ ਬਹਿਤ ਦਾ ਹਿੱਸਾ ਬਣੇ।

ਕੁੰਭ ਆਦਿ ਮੇਲਿਆਂ ਨੂੰ ਗੁਰਮਤਿ ਪ੍ਰਚਾਰ-ਪ੍ਰਸਾਰ ਲਈ ਕਿਵੇਂ ਵਰਤ ਸਕਦੇ ਹਾਂ ਮੁੜ ਵਿਚਾਰ ਕਰੀਏ! ਇਸ ਵਿਚ ਕੋਈ ਸ਼ੱਕ ਨਹੀਂ ਦੇਸ਼ ਦੇ ਹਾਲਾਤ 360 ਡਿਗਰੀ ਕੋਨ 'ਤੇ ਘੁੰਮ ਗਏ ਹਨ। ਉਸ ਦੌਰ ਵਿਚ ਸਾਨੂੰ ਜਵਾਨੀ ਦਹਿਲੀਜ਼ ਉਮਰੇ ਯੂ. ਪੀ. ਦੇ ਪਿੰਡਾਂ ਵਿਚ ਸਵਾਣੀਆਂ 'ਗੁਰੂ ਜੀ' ਕਹਿ ਕੇ ਸੰਬੋਧਨ ਹੁੰਦੀਆਂ ਸਨ। ਮਰਦ ਵੀ ਅਸਚਰਜ ਖੇਡ ਜੈਸਾ ਸਤਿਕਾਰ ਤੇ ਸਾਥ ਵਧਾਉਂਦੇ ਸਨ।

ਦਾਸ ਦਾ ਜ਼ਾਤੀ ਵਿਸ਼ਵਾਸ ਹੈ ਕਿ ਸਾਨੂੰ ਗੁਰਮਤਿ ਗੁਰਬਾਣੀ ਦੀ ਅਗਵਾਈ ਨੂੰ ਮੁੜ ਸਮਝ ਕੇ ਜੀਵਨ ਅਮਲ ਦੇ ਸੱਚ ਰੂਪ ਵਿਚ ਤੁਰਨ ਲਈ ਅੱਗੇ ਵਧਣਾ ਚਾਹੀਦਾ ਹੈ। ਸੰਸਾਰ ਬੇਤਾਬ ਹੈ ਧੰਨ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ੀ ਗਿਆਨ ਵਿਚਾਰਧਾਰਾ ਨੂੰ ਸੁਣਨ ਲਈ!

-0-

**ਸਫ਼ਾ 8 ਦਾ ਬਾਕੀ**

**ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ॥ (ਪੰਨਾ :466)**

ਇਸਦੇ ਕੀ ਅਰਥ ਹਨ? ਕੀ ਇਹ ਸਾਡੇ ਧਰਮ ਦੀ ਨਿੰਦਿਆ ਨਹੀਂ ਹੈ?" ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮ ਰਾਇ ਜੀ ਨਿਸ਼ਾਨੇ ਤੋਂ ਥਿੜਕ ਗਏ ਤੇ ਕਹਿ ਦਿੱਤਾ ਕਿ "ਮਿੱਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ" ਲਿਖਿਆ ਹੈ। ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ।

ਸ਼ਾਹੀ ਰਸੂਖ ਦੀ ਖਾਤਰ ਗੁਰੂ ਆਦਰਸ਼ ਬਦਲ ਦੇਣਾ ਸਿੱਖ ਧਰਮ ਦੇ ਨਿਸ਼ਾਨੇ ਤੋਂ ਇਕ ਉਕਾਈ ਸੀ, ਇਸ ਲਈ ਗੁਰੂ ਹਰਿਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਕਹਿ ਭੇਜਿਆ ਕਿ ਤੁਸੀਂ ਹੁਣ ਸਾਡੇ ਕੋਲ ਨਹੀਂ ਆਉਣਾ, ਕਿਉਂਕਿ ਤੁਸੀਂ ਗੁਰੂ ਨਾਨਕ ਜੀ ਦੀ ਬਾਣੀ ਦੀ ਨਿਰਾਦਰੀ ਕੀਤੀ ਹੈ। ਸ਼ਾਹੀ ਦਰਬਾਰ ਦੀ ਚਾਲ ਕਿਸੇ ਹੱਦ ਤੱਕ ਕਾਮਯਾਬ ਹੋ ਗਈ, ਔਰੰਗਜ਼ੇਬ ਨੇ ਫੁੱਟ ਵਧਾਣ ਲਈ ਬਾਬਾ ਰਾਮ ਰਾਇ ਜੀ ਨੂੰ ਦੂਨ ਇਲਾਕੇ ਦੀ ਜਾਗੀਰ ਦੇ ਦਿੱਤੀ, ਪਰ ਸਿੱਖ ਕੌਮ ਵਿਚ ਧੜੇ ਪੈਦਾ ਕਰਨ ਵਿਚ ਉਹ ਕਾਮਯਾਬ ਨਾ ਹੋ ਸਕਿਆ। ਸਿੱਖਾਂ ਦੀ ਸ਼ਰਧਾ ਆਪਣੇ ਗੁਰੂ, ਗੁਰੂ ਹਰਿਰਾਇ ਸਾਹਿਬ ਪੁਰ ਅਡੋਲ ਰਹੀ।

ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਬਖ਼ਸ਼ਿਸ਼ਾਂ (ਕੇਂਦਰ) ਕਾਇਮ ਕੀਤੀਆਂ। ਇਹ ਗੁਰਸਿੱਖ ਸਨ, ਸੁਥਰੇ ਸ਼ਾਹ ਜੀ,ਭਗਤ ਭਗਵਾਨ ਤੇ ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੋਂ ਹੀ ਸਿੱਖੀ ਪ੍ਰਚਾਰ ਲਈ ਬਹੁਤ ਸਾਰੇ ਧੂੰਏਂ ਜਾਂ ਧੂੰਹਣੀਆਂ (ਛੋਟੇ, ਵੱਡੇ ਪ੍ਰਚਾਰ ਕੇਂਦਰ) ਕਾਇਮ ਕੀਤੀਆਂ ਸਨ।

ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਿਆਈ ਦੀ ਬਖਸ਼ਿਸ਼ ਆਪਣੇ ਛੋਟੇ ਪੁੱਤਰ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਕੀਤੀ ਤੇ 20 ਅਕਤੂਬਰ ਸੰਨ 1661 ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

***

# ਦ੍ਰਿੜ੍ਹ ਨਿਸ਼ਚਾ ਤੇ ਆਤਮ ਵਿਸ਼ਵਾਸ਼

**-ਮੰਗਤ ਸਿੰਘ ਰਾਹੀ**

ਤਣਾਅ ਰਹਿਤ ਜੀਵਨ ਜੀਉਣ ਦਾ ਤੀਜਾ ਸੂਤਰ ਹੈ: ਦ੍ਰਿੜ੍ਹ ਵਿਸ਼ਵਾਸ-ਆਤਮ ਵਿਸ਼ਵਾਸ। ਜੋ ਤੁਸੀਂ ਕਰਨਾ ਚਾਹੁੰਦੇ ਹੋ, ਉਸ ਨੂੰ ਪੂਰਾ ਕਰਨ ਦਾ ਨਿਸ਼ਚਾ ਕਰੋ। ਜੋ ਨਿਸ਼ਚਾ ਕਰੋ, ਉਸ ਨੂੰ ਪੂਰਾ ਕਰਨ ਵਿਚ ਜੀਅ-ਜਾਨ ਨਾਲ ਜੁੱਟ ਜਾਓ। ਰੋਜ਼ ਹੀ ਅਖ਼ਬਾਰਾਂ ਵਿਚ ਸੁਰਖੀਆਂ ਪੜ੍ਹਨ ਨੂੰ ਮਿਲਦੀਆਂ ਹਨ ਕਿ ਫਲਾਂ ਲੜਕੇ ਜਾਂ ਲੜਕੀ ਨੇ ਇਮਤਿਹਾਨ ਵਿਚ ਫੇਲ੍ਹ ਹੋਣ ਕਰਕੇ ਜਾਂ ਘੱਟ ਨੰਬਰ ਆਉਣ ਕਰਕੇ ਆਤਮ-ਹੱਤਿਆ ਕਰ ਲਈ। ਇਸ ਲਈ ਕਰ ਲਈ ਕਿ ਉਸ ਵਿੱਚ ਇਤਨਾ ਆਤਮ ਵਿਸ਼ਵਾਸ ਹੀ ਨਹੀਂ ਸੀ ਕਿ ਉਹ ਪਾਸ ਵੀ ਹੋ ਸਕਦਾ ਹੈ ਜਾਂ ਮਿਹਨਤ ਕਰ ਕੇ ਦੂਜਿਆਂ ਵਾਂਗ ਜ਼ਿਆਦਾ ਨੰਬਰ ਵੀ ਲੈ ਸਕਦਾ ਹੈ। ਜੇਕਰ ਹੋਰ ਪਾਸ ਹੋ ਸਕਦੇ ਹਨ, ਜ਼ਿਆਦਾ ਨੰਬਰ ਲੈ ਸਕਦੇ ਹਨ ਤਾਂ ਉਹ ਕਿਉਂ ਨਹੀਂ ? ਬਸ, ਇਹ ਆਤਮ-ਵਿਸ਼ਵਾਸ ਆਪਣੇ ਅੰਦਰ ਪੈਦਾ ਕਰੋ ਤੇ ਦ੍ਰਿੜ੍ਹ ਨਿਸ਼ਚੇ ਨਾਲ ਮਿਹਨਤ ਵਿੱਚ ਜੁਟ ਜਾਓ। ਜੀਵਨ ਵਿਚ ਹਾਰ ਜਿੱਤ ਤਾਂ ਹੁੰਦੀ ਹੀ ਰਹਿੰਦੀ ਹੈ। ਹਾਰਨ ਦਾ ਮਤਲਬ ਇਹ ਤਾਂ ਨਹੀਂ ਕਿ ਹੁਣ ਉਹ ਜਿੱਤ ਹੀ ਨਹੀਂ ਸਕਦਾ।

ਅੱਜ ਹਰ ਵਿਦਿਆਰਥੀ ਅੰਦਰ ਫੇਲ੍ਹ ਹੋਣ ਦਾ ਡਰ, ਇੰਟਰਵਿਊ 'ਤੇ ਜਾਣ ਵਾਲੇ ਨੂੰ ਪੁੱਛੇ ਜਾਣ ਵਾਲੇ ਸਵਾਲਾਂ ਦਾ ਡਰ, ਘਰ ਤੋਂ ਨਿਕਲ ਕੇ ਦਫ਼ਤਰ ਜਾਂ ਕੰਮ 'ਤੇ ਜਾਣ ਵਾਲੇ ਨੂੰ ਰਸਤੇ ਦਾ ਡਰ ਕਿ ਉਹ ਸਹੀ ਸਲਾਮਤ ਆਪਣੇ ਟਿਕਾਣੇ 'ਤੇ ਪੁੱਜ ਜਾਏਗਾ ਕਿ ਨਹੀਂ। ਇਸ ਤਰ੍ਹਾਂ ਦੇ ਹੋਰ ਵੀ ਕਈ ਡਰ ਤੇ ਤੌਖ਼ਲੇ ਇਨਸਾਨ ਅੰਦਰ ਤਣਾਅ ਪੈਦਾ ਕਰਦੇ ਹਨ। ਜੇਕਰ ਵਿਦਿਆਰਥੀ ਆਪਣੇ ਅੰਦਰ ਇਹ ਆਤਮ-ਵਿਸ਼ਵਾਸ ਪੈਦਾ ਕਰ ਲਵੇ ਕਿ ਉਹ ਮਿਹਨਤ ਕਰੇਗਾ ਤੇ ਇਹ ਸ਼ਬਦ ਆਪਣੇ ਮਨ ਵਿੱਚ ਚੰਗੀ ਤਰ੍ਹਾਂ ਬਿਠਾ ਕੇ ਰੱਖੇ- "ਮੇਹਨਤ ਕਰੋ, ਡਟ ਕੇ ਮੇਹਨਤ ਕਰੋ, ਸਫ਼ਲਤਾ ਤੁਹਾਡੇ ਕਦਮ ਚੁੰਮੇਗੀ।" ਤਾਂ ਅਸਫ਼ਲਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਫੇਲ੍ਹ ਹੋਣ ਵਾਲਾ ਵਿਦਿਆਰਥੀ ਜਾਂ ਇੰਟਰਵਿਊ ਵਿਚ ਅਸਫ਼ਲ ਰਹਿਣ ਵਾਲਾ ਵਿਅਕਤੀ ਜੇਕਰ ਇਹ ਖ਼ਿਆਲ ਕਰੇ ਕਿ ਕਈ ਵਾਰੀ ਜੀਵਨ ਵਿਚ ਹਾਰ ਵੀ ਹੋ ਸਕਦੀ ਹੈ, ਡਿੱਗ ਕੇ ਸੱਟਾਂ ਵੀ ਲੱਗ ਸਕਦੀਆਂ ਹਨ, ਥੋੜ੍ਹਾ ਪਿੱਛੇ ਵੀ ਹਟਣਾ ਪੈ ਸਕਦਾ ਹੈ ਤਾਂ ਉਹ ਹਾਰ ਨਹੀਂ ਮੰਨਦਾ, ਸਗੋਂ ਦ੍ਰਿੜ੍ਹਤਾ ਨਾਲ ਅੱਗੇ ਵਧਦਾ ਰਹਿੰਦਾ ਹੈ। ਵੇਖਿਆ ਜਾਵੇ ਤਾਂ ਐਸੇ ਧੱਕੇ ਕਈ ਵਾਰੀ ਲਗਦੇ ਹਨ। ਪਰ ਇਨ੍ਹਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਪਿੱਛੇ ਵੱਲ ਧੱਕਾ ਲੱਗਣਾ ਅੱਗੇ ਵਧਣ ਲਈ ਬਹੁਤ ਲਾਭਦਾਇਕ ਹੋ ਸਕਦਾ ਹੈ। ਪਿੱਛੇ ਹਟ ਕੇ, ਧੱਕਾ ਖਾ ਕੇ ਵੀ ਉੱਥੇ ਹੀ ਖੜ੍ਹੇ ਹੋ ਜਾਵੋ। ਘਬਰਾਉਣ ਦੀ ਲੋੜ ਨਹੀਂ। ਹਿੰਮਤ ਨਾ ਹਾਰੋ। ਆਪਣੀ ਅਸਫ਼ਲਤਾ ਬਾਰੇ ਵੀਚਾਰ ਕਰੋ। ਆਪਣੀ ਗ਼ਲਤੀ ਜਾਂ ਕਮੀ ਦਾ ਕਾਰਣ ਲੱਭੋ। ਮੁੜ ਕੇ ਡਟ ਜਾਓ ਤੇ ਆਪਣੀ ਮੰਜ਼ਲ ਵੱਲ ਚੱਲ ਪਵੋ।

ਮਨੁੱਖ ਉਸ ਅਕਾਲ ਪੁਰਖ ਸਰਬ-ਸ਼ਕਤੀਮਾਨ ਦੀ ਅੰਸ਼ ਹੈ। ਉਸ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (੪੪੧)**

ਉਹ ਮਨ ਵਿਚ ਇਹ ਦ੍ਰਿੜ੍ਹ ਕਰੇ ਕਿ ਕਿਉਂਕਿ ਮੈਂ ਉਸ ਪਰਮਾਤਮਾ ਜੋ ਸ਼ਕਤੀ-ਕੇਂਦਰ ਹੈ ਦੀ ਅੰਸ਼ ਹਾਂ, ਇਸ ਲਈ ਮੇਰੇ ਅੰਦਰ ਵੀ ਸ਼ਕਤੀ ਹੈ। ਜੀਵਨ ਵਿਚ ਕਿਤੇ ਵੀ ਮੇਰੀ ਹਾਰ ਨਹੀਂ ਹੋ ਸਕਦੀ। ਇਹ ਦ੍ਰਿੜ੍ਹ ਸੰਕਲਪ ਮਨ ਵਿਚ ਧਾਰਨ ਕਰੇ ਕਿ ਉਹ ਥੋੜੀਆਂ ਜਿਹੀਆਂ ਪਰੇਸ਼ਾਨੀਆਂ ਨਾਲ ਕਦੇ ਵੀ ਘਬਰਾਉਣ ਜਾਂ ਆਪਣੇ ਨਿਸ਼ਚੇ ਤੋਂ ਹਟਣ ਵਾਲਾ ਨਹੀਂ ਅਤੇ ਮੁਸ਼ਕਲ ਹਾਲਾਤ ਵਿਚ ਕਦੀ ਵੀ ਹਾਰ ਨਹੀਂ ਮੰਨੇਗਾ। ਮੁਸੀਬਤਾਂ ਆ ਕੇ ਉਸੇ ਤਰ੍ਹਾਂ ਚਲੀਆਂ ਜਾਣਗੀਆਂ, ਜਿਵੇਂ ਤੂਫ਼ਾਨ। ਉਹ ਤੂਫ਼ਾਨ ਵਿਚ ਵੀ ਸ਼ਾਂਤ ਰਹਿਣ ਵਾਲਾ, ਅਡਿਗ ਅਤੇ ਸਥਿਰ ਚਟਾਨ ਵਾਂਗੂ ਹੈ। ਮੁਸ਼ਕਲਾਂ, ਬਿਪਤਾਵਾਂ ਉਸਦਾ ਕੁਝ ਵੀ ਵਿਗਾੜ ਨਹੀਂ ਸਕਦੀਆਂ। ਇਹ ਸਭ ਉਸ ਦੀ ਪ੍ਰੀਖਿਆ ਲੈਣ ਆਉਂਦੀਆਂ ਹਨ, ਪਰ ਉਹ ਉਨ੍ਹਾਂ ਤੋਂ ਹਾਰ ਨਹੀਂ ਸਕਦਾ। ਮਨੁੱਖ ਵਿਚ ਇਤਨੀ ਦ੍ਰਿੜ੍ਹਤਾ ਹੋਵੇ ਕਿ ਉਹ ਕਦੀ ਵੀ, ਕਿਸੇ ਤਰ੍ਹਾਂ ਦੀ ਵੀ ਬਿਪਤਾ ਪੈਣ 'ਤੇ ਘਬਰਾਵੇ ਨਾ। ਉਸ ਨੂੰ ਉਸ ਅਨੰਦਮਈ ਅਕਾਲ ਪੁਰਖ ਦੀ ਸ਼ਕਤੀ ਵਿਚ ਅਟੁੱਟ ਵਿਸ਼ਵਾਸ ਹੋਵੇ। ਈਸ਼ਵਰ ਦੀ ਸ਼ਕਤੀ ਨੂੰ ਸਦਾ ਆਪਣੇ ਨਾਲ ਸਮਝੇ। ਇਹ ਯਾਦ ਰੱਖੋ ਕਿ ਉਹ ਸ਼ਕਤੀ ਸਦਾ ਸੰਜੋਅ ਦੀ ਤਰ੍ਹਾਂ ਉਸ ਦੀ ਰੱਖਿਆ ਕਰਦੀ ਹੈ। ਉਹ ਆਪਣੀਆਂ ਪਰੇਸ਼ਾਨੀਆਂ ਤੋਂ ਘਬਰਾਉਣ ਦੀ ਥਾਂ ਇਕ-ਇਕ ਕਰਕੇ ਉਨ੍ਹਾਂ ਨੂੰ ਹੱਲ ਕਰਨ ਦੀ ਜੁਗਤ ਸੋਚਦਾ ਹੈ ਤੇ ਸਮੱਸਿਆਵਾਂ ਦਾ ਵਿਵੇਕਪੂਰਨ ਹੱਲ ਕੱਢਦਾ ਹੈ।

ਇਹ ਆਤਮ-ਵਿਸ਼ਵਾਸ ਤੇ ਦ੍ਰਿੜ੍ਹ ਨਿਸ਼ਚਾ ਹੀ ਸੀ ਕਿ ਸਾਧਾਰਣ ਮਜ਼ਦੂਰਾਂ, ਕਿਸਾਨਾਂ, ਕਿਰਤੀਆਂ ਨੇ ਸਿੰਘ ਸਜ ਕੇ ਪੀੜ੍ਹੀਓਂ ਪੀੜ੍ਹੀ ਦੇ ਸੂਰਮੇ ਮੁਗ਼ਲਾਂ ਅਤੇ ਪਠਾਣਾਂ ਦੀ ਉਹ ਬਾਬ ਕੀਤੀ ਕਿ ਉਨ੍ਹਾਂ ਦੀਆਂ ਚਾਂਗਰਾਂ ਨਿਕਲ ਗਈਆਂ। ਇਹਨਾਂ ਕੇਸਾਂ ਵਾਲਿਆਂ ਦੇ ਸਿਰ ਉੱਤੇ ਦਿਨੇ ਰਾਤੀ ਸਾਲਾਂ ਬੱਧੀ ਤਲਵਾਰ ਚਲਦੀ ਰਹੀ। ਉਹ ਮਰਦੇ ਰਹੇ ਤੇ ਵਧਦੇ ਰਹੇ। ਅੰਤ ਨੂੰ ਮਾਰਨ ਵਾਲਿਆਂ ਨੂੰ ਹੀ ਮਾਰ ਮੁਕਾਇਆ। ਉਨ੍ਹਾਂ ਦੇ ਤਸੀਹੇ ਭੋਗਣ ਵਿਚ ਵੀ ਇਕ ਖ਼ੂਬੀ ਸੀ। ਉਨ੍ਹਾਂ ਦੇ ਚਰਖੜੀਆਂ 'ਤੇ ਚੜ੍ਹਨ ਵਿਚ ਵੀ ਇਕ ਜਲਾਲ ਸੀ। ਖੋਪਰੀ ਉਤਰਵਾ ਦਿੱਤੀ ਪਰ ਕੇਸ ਨਾ ਉਤਰਵਾਏ।

ਛੋਟੀਆਂ ਕਲਾਸਾਂ ਵਿਚ ਪੜ੍ਹੀ ਅੰਗ੍ਰੇਜ਼ੀ ਦੀ ਇਕ ਕਹਾਣੀ ਹੁਣ ਵੀ ਯਾਦ ਹੈ : King Bruce and the Spider. ਰਾਜਾ ਬਰੂਸ ਤੇ ਮੱਕੜੀ ਦੀ ਕਹਾਣੀ। ਰਾਜਾ ਬਰੂਸ ਦੇ ਰਾਜ 'ਤੇ ਦੁਸ਼ਮਣ ਨੇ ਚੜ੍ਹਾਈ ਕਰ ਦਿੱਤੀ। ਰਾਜਾ ਬਰੂਸ ਹਾਰ ਗਿਆ ਤੇ ਉਸ ਨੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਛਿਪ ਕੇ ਆਪਣੀ ਜਾਨ ਬਚਾਈ। ਉਹ ਹੌਂਸਲਾ ਹਾਰ ਚੁੱਕਾ ਸੀ ਤੇ ਘਬਰਾਹਟ ਕਾਰਨ ਤਣਾਅ ਵਿਚ ਜੀਅ ਰਿਹਾ ਸੀ। ਗੁਫ਼ਾ ਵਿਚ ਲੇਟਿਆ-ਲੇਟਿਆ ਉਹ ਕੀ ਦੇਖਦਾ ਹੈ ਕਿ ਇਕ ਮੱਕੜੀ ਉੱਪਰ ਚੜ੍ਹ ਰਹੀ ਹੈ ਤੇ ਟਿਕਾਣੇ 'ਤੇ ਪੁੱਜਣ ਤੋਂ ਪਹਿਲਾਂ ਹੀ ਹੇਠਾਂ ਡਿੱਗ ਪਈ। ਉਸ ਨੇ ਫਿਰ ਕੋਸ਼ਿਸ਼ ਕੀਤੀ ਪਰ ਨਾਕਾਮਯਾਬ ਰਹੀ। ਇਸ ਤਰ੍ਹਾਂ ਸੱਤ ਅੱਠ ਵਾਰ ਕੋਸ਼ਿਸ਼ ਕਰਨ ਤੋਂ ਬਾਅਦ ਆਖ਼ਰ ਉਹ ਕਾਮਯਾਬ ਹੋ ਗਈ। ਇਹ ਦੇਖ ਕੇ ਰਾਜਾ ਬਰੂਸ ਦਾ ਆਤਮ-ਵਿਸ਼ਵਾਸ ਜਾਗ ਉੱਠਿਆ। ਉਹ ਦ੍ਰਿੜ੍ਹ ਨਿਸ਼ਚਾ ਕਰਕੇ ਉਠਿਆ। ਉਸ ਨੇ ਆਪਣੀ ਫ਼ੌਜ ਇਕੱਠੀ ਕੀਤੀ। ਦੁਸ਼ਮਣ 'ਤੇ ਚੜ੍ਹਾਈ ਕਰਕੇ ਉਸ ਨੂੰ ਹਰਾ ਕੇ ਆਪਣਾ ਰਾਜ ਮੁੜ ਪ੍ਰਾਪਤ ਕੀਤਾ।

ਆਪਣੇ ਮਨ ਵਿਚ ਇਹ ਹਮੇਸ਼ਾਂ ਯਾਦ ਰੱਖੋ ਕਿ "ਮੁਸ਼ਕਲ ਕੰਮ ਤਾਂ ਅਸੀਂ ਹੁਣੇ ਹੀ ਕਰ ਸਕਦੇ ਹਾਂ ਅਤੇ ਅਸੰਭਵ ਕੰਮ ਅਗਲੀ ਸਵੇਰ ਤੱਕ ਕਰਨ ਦੀ ਸਮਰੱਥਾ ਰਖਦੇ ਹਾਂ।

ਉਸ ਅਕਾਲ ਪੁਰਖ 'ਤੇ ਭਰੋਸਾ ਰਖਦੇ ਹੋਏ ਆਪਣੇ ਆਤਮ-ਵਿਸ਼ਵਾਸ ਨੂੰ ਸਦਾ ਕਾਇਮ ਰੱਖੋ। ਸਾਧਾਰਣ ਅਸਫ਼ਲਤਾਵਾਂ ਤੇ ਮੁਸ਼ਕਲਾਂ ਤੋਂ ਨਾ ਘਬਰਾਓ। ਇਹ ਆਤਮ ਵਿਸ਼ਵਾਸ ਤੇ ਉਸ ਅਸੀਮ ਸ਼ਕਤੀ ਦੇ ਮਾਲਕ ਅਕਾਲ ਪੁਰਖ 'ਤੇ ਦ੍ਰਿੜ੍ਹ ਵਿਸ਼ਵਾਸ ਸਦਕਾ ਹੀ ਸੀ ਕਿ ਚਮਕੌਰ ਦੀ ਕੱਚੀ ਗੜ੍ਹੀ ਵਿਚ ਦਸ ਲੱਖ ਦੇ ਕਰੀਬ ਦੁਸ਼ਮਣ ਦੀ ਫ਼ੌਜ ਨਾਲ ਘਿਰੇ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਲੀ ਸਿੰਘ ਜ਼ਰਾ ਵੀ ਵਿਚਲਿਤ ਨਾ ਹੋਏ, ਨਾ ਘਬਰਾਏ। ਇਤਨੀ ਫ਼ੌਜ ਦੇ ਘੇਰੇ ਵਿਚੋਂ ਵੰਗਾਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਸਹੀ ਸਲਾਮਤ ਬਾਹਰ ਨਿਕਲ ਗਏ।

ਫਲੋਰੈਂਸ ਸਕੋਵਲ ਸ਼ਿਨ (Florence Scovel Shinn) ਆਪਣੀ ਪੁਸਤਕ The Secret Door to Success 'ਸਫ਼ਲਤਾ ਦਾ ਗੁਪਤ ਪ੍ਰਵੇਸ਼ ਮਾਰਗ' ਵਿਚ ਬੜਾ ਸੋਹਣਾ ਸੰਦੇਸ਼ ਦਿੰਦਾ ਹੈ :

God makes a way, where there is no way. ਜਿਥੇ ਕੋਈ ਵੀ ਰਸਤਾ ਨਜ਼ਰ ਨਹੀਂ ਆਉਂਦਾ, ਅਕਾਲ ਪੁਰਖ ਉੱਥੇ ਵੀ ਰਸਤਾ ਬਣਾ ਦਿੰਦਾ ਹੈ। You can expect any seemingly impossible good from God. His ways are ingenious. His methods are

**ਬਾਕੀ ਸਫਾ 30 'ਤੇ**

# ਜਾਤ-ਪਾਤ ਦਾ ਜੰਜਾਲ

ਰਸ਼ਪਾਲ ਸਿੰਘ ਹੁਸ਼ਿਆਰਪੁਰ
# 9855440151

ਭਾਰਤੀ ਸਮਾਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਹੈ, ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ। ਭਾਰਤ ਦੇ ਮੂਲ ਨਿਵਾਸੀਆਂ ਨੂੰ ਦ੍ਰਾਵਿੜ ਸਭਿਅਤਾ ਕਿਹਾ ਜਾਂਦਾ ਸੀ। ਦ੍ਰਾਵਿੜ ਬੜੇ ਭਲੇ ਅਤੇ ਖੁਸ਼ਹਾਲ ਲੋਕ ਸਨ। ਦ੍ਰਾਵਿੜਾਂ ਦੀ ਸਾਦਗੀ ਅਤੇ ਅਮਨ ਪਸੰਦੀ ਨੇ ਉਨ੍ਹਾਂ ਨੂੰ ਰਸਾਤਲ ਵੱਲ ਧੱਕ ਦਿੱਤਾ। ਉੱਤਰ-ਪੱਛਮ ਖੇਤਰ ਵਲੋਂ ਹੁੰਦੇ ਹਮਲਿਆਂ ਦਾ ਸ਼ਿਕਾਰ ਬਣਦੇ ਰਹੇ। ਨਤੀਜੇ ਵਜੋਂ ਵਧੇਰੇ ਦ੍ਰਾਵਿੜ ਲੋਕ ਦੱਖਣ ਵੱਲ ਜੰਗਲਾਂ ਜਾਂ ਪਹਾੜਾਂ ਵਿੱਚ ਜਾ ਲੁਕੇ ਅਤੇ ਉਥੋਂ ਆਰੀਆ ਲੋਕਾਂ ਵਿਰੁੱਧ ਗੁਰੀਲਾ ਜੰਗ ਕਰਕੇ ਜੂਝਦੇ ਰਹੇ। ਜਿਨ੍ਹਾਂ ਨੂੰ ਅੱਜ ਆਦੀਵਾਸੀ ਕਹਿੰਦੇ ਹਾਂ। ਇਨ੍ਹਾਂ ਨੂੰ ਹੀ ਆਰੀਆ ਲੋਕਾਂ ਵਲੋਂ ਰਾਖਸ਼ਸ ਕਿਹਾ ਜਾਂਦਾ ਹੈ। ਜਿਹੜੀ ਕੌਡਾ ਰਾਖਸ਼ਸ ਦੀ ਸਾਖੀ ਹੈ, ਉਹ ਕੌਡਾ ਭੀਲ ਜਾਂ ਕੌਡਾ ਆਦੀਵਾਸੀ ਹੀ ਹੈ। ਵਿਦੇਸ਼ੀ ਹਮਲਾਵਰਾਂ ਦੀ ਮਾਰ-ਕੁੱਟ ਅਤੇ ਲੁੱਟ ਖਸੁੱਟ ਸਹਿਣ ਵਾਲੇ ਦ੍ਰਾਵਿੜਾਂ ਨੂੰ ਰਾਖਸ਼ਸ਼ ਕਹਿ ਦੁਰਕਾਰਿਆ ਗਿਆ। ਸਕਾਈਦੀ, ਕੁਸ਼ਨ ਅਤੇ ਹੂਨ ਆਦਿ ਬਹੁਤ ਸਾਰੇ ਹਮਲਾਵਾਰ ਅਕਸਰ ਲੁੱਟ ਮਾਰ ਕਰ ਕੇ ਚਲੇ ਜਾਂਦੇ ਤੇ ਇਨ੍ਹਾਂ ਵਿਚੋਂ ਕੁਝ ਭਾਰਤ ਵਿੱਚ ਟਿਕ ਜਾਂਦੇ।

ਆਰੀਆ ਲੋਕ ਵੀ ਹਮਲਾਵਰ ਹੀ ਸਨ ਤੇ ਇਨ੍ਹਾਂ ਦਾ ਦਾਖ਼ਲਾ ਈਰਾਨ ਅਤੇ ਦੱਖਣੀ ਰੂਸ ਇਲਾਕੇ ਵਲੋਂ ਮੰਨਿਆ ਜਾਂਦਾ ਹੈ। ਆਰੀਆ ਨੇ ਆਪਣੀ ਤਾਕਤ ਅਤੇ ਚਤੁਰਾਈ ਨਾਲ ਦ੍ਰਾਵਿੜਾਂ ਨੂੰ ਆਪਣਾ ਗੁਲਾਮ ਬਣਾ ਲਿਆ।

ਆਰੀਆ ਲੋਕਾਂ ਨੇ ਆਪਣੀ ਅਜਾਰੇਦਾਰੀ ਕਾਇਮ ਰੱਖਣ ਲਈ ਧਰਮ ਦੇ ਨਾਂਅ 'ਤੇ ਵਿਉਂਤਬੰਦੀ ਕੀਤੀ। ਇਨ੍ਹਾਂ ਭਾਰਤੀ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡ ਦਿੱਤਾ। ਆਪਣੇ ਆਪ ਨੂੰ 'ਦੇਵਤੇ' ਦੇ ਰੂਪ ਵਿੱਚ ਸਥਾਪਤ ਕਰ ਕੇ ਬੈਠ ਗਏ। ਜਿਨ੍ਹਾਂ ਸਮਕਾਲੀ ਹਮਲਾਵਾਰਾਂ ਨੂੰ ਇਹ ਆਰੀਆ ਲੋਕ ਭਵਿੱਖ ਵਿੱਚ ਆਪਣੇ ਵਾਸਤੇ ਖ਼ਤਰਾ ਵੀ ਸਮਝਦੇ ਸਨ, ਉਨ੍ਹਾਂ ਨੂੰ ਇਨ੍ਹਾਂ ਕਸ਼ਤਰੀ ਦਾ ਦਰਜਾ ਦੇ ਦਿੱਤਾ। ਕਸ਼ਤਰੀ ਦਾ ਕੰਮ ਰਾਜ ਦੀ ਰੱਖਿਆ ਕਰਨਾ ਸੀ। ਉਹ ਰਾਜ ਕਰਦਾ ਹੋਇਆ ਵੀ ਧਾਰਮਿਕ ਤੌਰ ਤੇ ਬ੍ਰਾਹਮਣ ਦੇ ਪਰਾਧੀਨ ਸੀ। ਸੋ ਸਪੱਸ਼ਟ ਸੀ ਕਿ ਲੜਨਾਂ ਤੇ ਮਰਨਾ ਕੇਵਲ ਕਸ਼ਤਰੀ ਦੇ ਜ਼ਿੰਮੇ ਹੈ।

ਜਦੋਂ ਕਦੀ ਬ੍ਰਾਹਮਣ ਨੂੰ ਇਹ ਮਹਿਸੂਸ ਹੋਇਆ ਕਿ ਖਤ੍ਰੀ ਲੋਕ ਵਧੇਰੇ ਤਾਕਤਵਰ ਹੋ ਗਏ ਹਨ ਤਾਂ ਇਸ ਨੇ ਆਪ ਵੀ ਹਥਿਆਰ ਚੁੱਕਿਆ ਤੇ ਖੱਤਰੀਆਂ ਨੂੰ ਮਾਰਿਆ। ਇਤਿਹਾਸ ਗਵਾਹ ਹੈ ਕਿ ਪਰਸਰਾਮ ਨਾਂਅ ਦੇ ਬ੍ਰਾਹਮਣ ਨੇ ਇਸ ਵਰਤਾਰੇ ਨੂੰ ਅੰਜਾਮ ਦਿੱਤਾ।

ਆਰੀਆ ਨੇ ਦ੍ਰਾਵਿੜਾਂ ਦੀ ਸ਼ਕਤੀ ਨੂੰ ਸੀਮਿਤ ਰੱਖਣ ਲਈ ਇਨ੍ਹਾਂ ਨੂੰ ਦੋ ਹਿੱਸਿਆ ਵਿੱਚ ਵੰਡ ਦਿੱਤਾ। ਉਨ੍ਹਾਂ ਨੇ ਦ੍ਰਾਵਿੜ ਭਾਈਚਾਰੇ ਦੇ ਕਾਬਲ ਲੋਕਾਂ ਨੂੰ ਵੈਸ਼ ਦਾ ਨਾਮ ਦੇ ਕੇ ਵਾਪਾਰ ਦਾ ਖੇਤਰ ਸੰਭ ਦਿੱਤਾ। ਆਪਣੀ ਚਤੁਰਾਈ ਨਾਲ ਉਹ ਚੋਗਾ ਸੁੱਟ ਦਿੱਤਾ ਜਿਸ ਨੂੰ ਛੱਡ ਕੇ ਆਪਣੇ ਭਾਈਚਾਰੇ ਬਾਰੇ ਕੁਝ ਸੋਚਣ ਦੀ ਫ਼ੁਰਸਤ ਹੀ ਨਾ ਮਿਲੇ। ਸਿੱਧੇ-ਸਾਦੇ ਸਾਰੇ ਦ੍ਰਾਵਿੜ ਸਮਾਜ ਨੂੰ ਸ਼ੂਦਰ ਐਲਾਨ ਦਿੱਤਾ। ਸ਼ੂਦਰ ਦਾ ਕੰਮ ਉੱਪਰਲੇ ਤਿੰਨ ਵਰਣਾਂ ਦੀ ਸੇਵਾ ਕਰਨਾ ਸੀ। ਹਰ ਕਿਰਤ ਨੂੰ ਇੱਕ ਜਾਤ ਦਾ ਨਾਂ ਦੇ ਦਿੱਤਾ ਗਿਆ। ਇਨ੍ਹਾਂ ਨੂੰ ਅਛੂਤ ਆਖਿਆ ਗਿਆ। ਵਿੱਦਿਆ ਦੇ ਅਧਿਕਾਰ ਤੋਂ ਵੀ ਵਾਂਝਾ ਕੀਤਾ ਗਿਆ। ਵਿਤਕਰੇ ਦਾ ਸਿਖ਼ਰ ਕਿ ਉਪਰਲੇ ਵਰਣਾਂ ਵਾਲੇ ਸ਼ੂਦਰ ਦਾ ਪ੍ਰਛਾਵਾਂ ਪੈਣ ਨਾਲ ਹੀ ਭਿਟ ਹੋ ਜਾਂਦੇ ਸੀ। ਜਿਸ ਦਾ ਦੰਡ ਵੀ ਭੁਗਤਣਾ ਪੈਂਦਾ ਸੀ।

ਧਰਮ ਦੀ ਆੜ ਵਿੱਚ ਇਹ ਇੱਕ ਐਸਾ ਜਾਲ਼ ਬੁਣਿਆ ਗਿਆ ਕਿ ਕਈ ਸਦੀਆਂ ਬੀਤ ਜਾਣ ਤੇ ਵੀ ਭਾਰਤੀ ਇਸ ਨੁਕਸਾਨ ਭਰੇ ਬੰਧਨ ਵਿੱਚ ਬੱਝੇ ਪਏ ਹਨ।

ਗੁਰੂ ਨਾਨਕ ਸਾਹਿਬ ਜੀ ਨੇ ਜਾਤ-ਪਾਤ ਦੇ ਕੋਹੜ ਖ਼ਿਲਾਫ਼ ਇੱਕ ਇਨਕਲਾਬ ਸ਼ੁਰੂ ਕੀਤਾ ਸੀ। ਗੁਰੂ ਨਾਨਕ ਸਾਹਿਬ ਜੀ ਭਾਈ ਲਾਲੋ ਜੀ ਦੇ ਘਰ ਜਾ ਕੇ ਰਹੇ। ਸਮਾਜ ਦਾ ਪ੍ਰਸ਼ਨ ਸੀ, ਕਿ ਪਾਤਿਸ਼ਾਹ ਆਪ ਤਾਂ ਖਤਰੀ ਉੱਚੀ ਕੁਲ ਦੇ ਹੋ। ਇੱਕ ਛੋਟੀ ਜਾਤ ਵਾਲੇ ਤ੍ਰਖਾਣ ਦੇ ਘਰ ਬੈਠੇ ਹੋਏ ਹੋ? ਗੁਰੂ ਸਾਹਿਬ ਦਾ ਜਵਾਬ ਸੀ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (15)**

(ਮੇਰੇ ਜੀਵਨ ਦਾ ਲਕਸ਼ ਹੈ ਕਿ ਉਹਨਾਂ ਬੰਦਿਆਂ ਨਾਲ ਸਾਥ ਨਿਭਾਵਾਂ ਜਿਨ੍ਹਾਂ ਨੂੰ ਨੀਵੀਂ ਤੋਂ ਨੀਵੀਂ ਜਾਤਿ ਦੇ ਆਖਿਆ ਜਾਂਦਾ ਹੈ। ਉੱਚੇ ਤੇ ਵੱਡੇ ਕਹਾਉਣ ਵਾਲਿਆਂ ਦੀ ਮੈਂ ਕੋਈ ਰੀਸ ਨਹੀਂ ਕਰਨੀ। ਕਿਉਂਕਿ ਪ੍ਰਮਾਤਮਾ ਦੀ ਮਿਹਰ ਭਰੀ ਨਜ਼ਰ ਉੱਥੇ ਹੈ ਜਿੱਥੇ ਗ਼ਰੀਬਾਂ ਦੀ ਸਾਰ ਲਈ ਜਾਂਦੀ ਹੈ। ੪। ੩।

ਗੁਰੂ ਨਾਨਕ ਪਾਤਿਸ਼ਾਹ ਦੇ ਤਾ-ਉਮਰ ਦੇ ਸਾਥੀ ਭਾਈ ਮਰਦਾਨਾ ਜੀ ਵੀ ਭਾਰਤੀ ਸਮਾਜ ਦੀਆਂ ਨਜ਼ਰਾਂ ਵਿੱਚ ਛੋਟੀ ਜਾਤ ਦੇ ਡੂੰਮ (ਮਰਾਸੀ) ਸਨ। ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਵਾਲੇ ਵੀ ਪੰਜ ਪਿਆਰਿਆਂ ਚੋਂ ਚਾਰ ਸਮਾਜ ਦੀਆਂ ਅਖੌਤੀ ਛੋਟੀਆਂ ਜਾਤਾਂ ਵਿਚੋਂ ਸਨ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਾਰਿਆਂ ਨੂੰ ਆਪਣੇ ਪੰਜ ਪਿਆਰੇ ਕਹਿ ਕੇ ਨਿਵਾਜ਼ਿਆ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿਨ੍ਹਾਂ 15 ਇਲਾਹੀ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਉਹ ਵੀ ਬਿਨਾਂ ਕਿਸੇ ਜਾਤ-ਪਾਤ, ਉਚ-ਨੀਚ ਜਾਂ ਇਲਾਕੇ ਦੇ ਭੇਦਭਾਵ ਦੇ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਸਾਹਿਬਾਨ ਦੀ ਬਾਣੀ ਵੀ ਦਰਜ਼ ਹੈ, ਜਿਸ ਅੱਗੇ ਸਭ ਬਰਾਬਰ ਸੀਸ ਨਿਵਾਉਂਦੇ ਹਨ। ਗੁਰਬਾਣੀ ਦੇ ਬੇਅੰਤ ਸ਼ਬਦ ਸਾਨੂੰ ਜਾਤ-ਪਾਤ ਦੇ ਜੰਜਾਲ ਤੋਂ ਬਚ ਕੇ ਰਹਿਣ ਲਈ ਪ੍ਰੇਰਨਾ ਦੇਂਦੇ ਹਨ:

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥**
**ਆਪਹੁ ਜੇ ਕੋ ਭਲਾ ਕਹਾਏ॥**
**ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ॥1॥ (83)**

ਜਾਤ ਤੇ ਨਾਮਵਰ ਦਾ ਅਹੰਕਾਰ ਵਿਅਰਥ ਹੈ। ਸਾਰੇ ਜੀਵਾਂ ਦੀ ਇਕੋ ਹੀ ਸਾਇਆ ਹੈ।

ਜੇ ਕੋਈ ਜੀਵ ਆਪਣੇ ਆਪ ਨੂੰ ਚੰਗਾ ਅਖਵਾਏ ਤਾਂ ਉਹ ਚੰਗਾ ਨਹੀਂ ਬਣ ਜਾਂਦਾ। ਜੀਵ ਤਾਂ ਹੀ ਚੰਗਾ ਜਾਣਿਆ ਜਾਂਦਾ ਹੈ, ਜੇ ਸੱਚੀ ਦਰਗਾਹ ਵਿੱਚ ਆਦਰ ਹਾਸਲ ਕਰੇ।

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (349)**

ਹੇ ਭਾਈ! ਸਭਨਾਂ ਵਿੱਚ ਇੱਕ ਪ੍ਰਭੂ ਦੀ ਜੋਤ ਜਾਣ ਕੇ ਕਿਸੇ ਦੀ ਜਾਤ ਨਾ ਪੁੱਛੋ। ਜਦੋਂ ਵੀ ਤੂੰ ਪਰਾਏ ਲੋਕਾਂ ਵਿਚ ਜਾਏਂਗਾ ਉਥੇ ਤੇਰੀ ਜਾਤ ਨਹੀਂ ਗੁਣਾਂ ਦੀ ਕਦਰ ਹੋਣੀ ਹੈ।

**ਗਰਭ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥ (324)**

ਸਾਰੇ ਜੀਵਾਂ ਦੀ ਉਤਪਤੀ ਪਰਮਾਤਮਾ ਤੋਂ ਹੈ ; ਮਾਂ ਦੇ ਪੇਟ ਵਿੱਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ।

ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਵਲੋਂ ਸਪੱਸ਼ਟ ਸਿਧਾਂਤ ਦੇਣ ਦੇ ਬਾਵਜੂਦ, ਅਸੀਂ ਜਾਤ-ਪਾਤ ਅਤੇ ਊਚ-ਨੀਚ ਦੇ ਮਾਰੂ ਵਰਤਾਰੇ ਦੇ ਸ਼ਿਕਾਰ ਹੋਏ ਪਏ ਹਾਂ। ਜੋਤਿ ਦੇ ਸਤਿਕਾਰ ਦੀ ਥਾਂ ਜਾਤ-ਪਾਤ ਦੀ ਵਿਉਂਤਬੰਦ ਮਾਰ ਨਾਲ ਮਾਰੇ ਜਾ ਰਹੇ ਹਾਂ।

ਗੁਰੂ ਸਾਹਿਬਾਨ ਨੇ ਤਾਂ ਭਾਰੀ ਪਰਉਪਕਾਰ ਕਰ ਕੇ ਖ਼ਾਲਸਾ ਪੰਥ ਸਾਜ ਏਕ ਪਿਤਾ ਏਕਸ ਕੇ ਹਮ ਬਾਰਿਕ ਦਾ ਮਾਰਗ ਬਖਸ਼ਿਆ ਹੋਇਆ ਹੈ। ਸਾਵਧਾਨ ਹੋਈਏ ਕਿ ਵਰਣਵੰਡ ਵਿਵਸਥਾ ਨੇ ਹੀ ਦੇਸ਼ ਨੂੰ ਤਕਰੀਬਨ 800 ਸਾਲ ਦੀ ਗ਼ੁਲਾਮੀ ਦੀ ਸੰਗਲੀ ਪਾਈ ਰੱਖੀ ਸੀ ਅਤੇ ਭਗਤਾਂ ਤੇ ਗੁਰੂਆਂ ਨੇ ਡੰਕੇ ਦੀ ਚੋਟ ਨਾਲ ਵਰਣਵੰਡ ਵਿਰੁੱਧ ਝੰਡਾ ਚੁੱਕਿਆ। ਜਿਸ ਝੰਡੇ ਨੂੰ ਝੁਲਾਉਣ ਦੀ ਥਾਂ ਝੁਕਾ ਰਹੇ ਹਾਂ। ਹੰਕਾਰ ਉੱਚੀ ਜਾਤ ਦਾ ਵੀ ਤੇ ਨੀਵੀਂ ਜਾਤ ਦਾ ਵੀ ਖ਼ਤਰਨਾਕ ਹੈ। -0-




# ਰੁੱਤ ਪੇਪਰਾਂ ਦੀ ਆਈ...

ਹਰਪ੍ਰੀਤ ਕੌਰ ਸੰਧੂ

## ਪੜ੍ਹੋ ਕਿਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖ ਕੇ ਕਰਨੀ ਚਾਹੀਦੀ ਪੇਪਰਾਂ ਦੀ ਤਿਆਰੀ

ਫਰਵਰੀ-ਮਾਰਚ ਦਾ ਮਹੀਨਾ ਪੇਪਰਾਂ ਦਾ ਹੁੰਦਾ ਹੈ। ਇਸ ਸਮੇਂ ਸਾਰੇ ਸਾਲ ਦਾ ਲੇਖਾ-ਜੋਖਾ ਹੋਣਾ ਹੁੰਦਾ ਹੈ। ਸਿੱਖਿਆ ਦਾ ਤਰੀਕਾ ਬਹੁਤ ਹੱਦ ਤਕ ਬਦਲ ਗਿਆ ਹੈ। ਹੁਣ ਨਾ ਰੱਟੇ ਲਾਉਣ ਦਾ ਤਰੀਕਾ ਹੈ ਤੇ ਨਾ ਹੀ ਵਾਰ-ਵਾਰ ਦੁਹਰਾਉਣ ਦਾ। ਸਿੱਖਿਆ ਪ੍ਰਣਾਲੀ ਕਾਫ਼ੀ ਹੱਦ ਤਕ ਵਿਦਿਆਰਥੀ ਦੇ ਤਰਕ ਨੂੰ ਪਰਖਦੀ ਹੈ। ਚਾਰ ਵਿਕਲਪਾਂ ਵਾਲੇ ਪ੍ਰਸ਼ਨ ਤਕਰੀਬਨ ਸਾਰੇ ਹੀ ਵਿਸ਼ਿਆਂ ਵਿਚ ਦਿੱਤੇ ਗਏ ਹਨ।



ਫਰਵਰੀ-ਮਾਰਚ ਦਾ ਮਹੀਨਾ ਪੇਪਰਾਂ ਦਾ ਹੁੰਦਾ ਹੈ। ਇਸ ਸਮੇਂ ਸਾਰੇ ਸਾਲ ਦਾ ਲੇਖਾ-ਜੋਖਾ ਹੋਣਾ ਹੁੰਦਾ ਹੈ। ਸਿੱਖਿਆ ਦਾ ਤਰੀਕਾ ਬਹੁਤ ਹੱਦ ਤਕ ਬਦਲ ਗਿਆ ਹੈ। ਹੁਣ ਨਾ ਰੱਟੇ ਲਾਉਣ ਦਾ ਤਰੀਕਾ ਹੈ ਤੇ ਨਾ ਹੀ ਵਾਰ-ਵਾਰ ਦੁਹਰਾਉਣ ਦਾ। ਸਿੱਖਿਆ ਪ੍ਰਣਾਲੀ ਕਾਫ਼ੀ ਹੱਦ ਤਕ ਵਿਦਿਆਰਥੀ ਦੇ ਤਰਕ ਨੂੰ ਪਰਖਦੀ ਹੈ। ਚਾਰ ਵਿਕਲਪਾਂ ਵਾਲੇ ਪ੍ਰਸ਼ਨ ਤਕਰੀਬਨ ਸਾਰੇ ਹੀ ਵਿਸ਼ਿਆਂ ਵਿਚ ਦਿੱਤੇ ਗਏ ਹਨ। ਇਨ੍ਹਾਂ ਪੇਪਰਾਂ ਵਿੱਚੋਂ ਪਾਸ ਹੋਣਾ ਬਹੁਤਾ ਔਖਾ ਨਹੀਂ ਪਰ ਇਨ੍ਹਾਂ ਪ੍ਰੀਖਿਆਵਾਂ ਵਿੱਚੋਂ 100/100 ਨੰਬਰ ਵੀ ਲਏ ਜਾ ਸਕਦੇ ਹਨ। ਇਸ ਲਈ ਵਿਦਿਆਰਥੀ ਦੀ ਜ਼ਿੰਮੇਵਾਰੀ ਬਹੁਤ ਵੱਧ ਜਾਂਦੀ ਹੈ।

ਅੱਜ-ਕੱਲ੍ਹ ਸਾਰੇ ਪੇਪਰਾਂ ਵਿਚ ਕੁਝ ਖ਼ਾਸ ਅੰਕਾਂ ਦੇ ਅਜਿਹੇ ਪ੍ਰਸ਼ਨ ਹੁੰਦੇ ਹਨ, ਜਿਨ੍ਹਾਂ ਦੇ ਚਾਰ ਉੱਤਰ ਦਿੱਤੇ ਹੁੰਦੇ ਹਨ ਤੇ ਵਿਦਿਆਰਥੀ ਨੇ ਉਨ੍ਹਾਂ ਵਿੱਚੋਂ ਕੋਈ ਇਕ ਚੁਣਨਾ ਹੁੰਦਾ ਹੈ। ਇਹ ਦੇਖਣ ਨੂੰ ਬਹੁਤ ਸੌਖਾ ਜਾਪਦਾ ਹੈ। ਜੇ ਵਿਦਿਆਰਥੀ ਨੇ ਬਹੁਤ ਧਿਆਨ ਨਾਲ ਪੜ੍ਹਿਆ ਹੋਵੇਗਾ ਤਾਂ ਇਹ ਯਕੀਨਨ ਬਹੁਤ ਸੌਖਾ ਹੈ ਪਰ ਜੇ ਵਿਦਿਆਰਥੀ ਨੇ ਆਪਣਾ ਸਿਲੇਬਸ ਧਿਆਨ ਨਾਲ ਨਹੀਂ ਪੜ੍ਹਿਆ, ਉਸ ਦਾ ਗਹਿਣ ਅਧਿਐਨ ਨਹੀਂ ਕੀਤਾ ਤਾਂ ਉਸ ਲਈ ਇਹ ਸਭ ਤੋਂ ਔਖਾ ਹੈ। ਵਿਦਿਆਰਥੀ ਦੇ ਸਾਹਮਣੇ ਚਾਰ ਜਵਾਬ ਪਏ ਹਨ, ਜਿਨ੍ਹਾਂ ਵਿੱਚੋਂ ਉਸ ਨੇ ਸਭ ਤੋਂ ਢੁੱਕਵਾਂ ਜਵਾਬ ਚੁਣਨਾ ਹੈ। ਜੇ ਉਸ ਨੂੰ ਪੱਕਾ ਪਤਾ ਹੈ ਤਾਂ ਉਹ ਸਹੀ ਜਵਾਬ ਦੇ ਦੇਵੇਗਾ ਪਰ ਜੇ ਉਸ ਦੇ ਮਨ ਵਿਚ ਕਿਤੇ ਥੋੜ੍ਹੀ ਜਿਹੀ ਦੁਵਿਧਾ ਹੈ ਤਾਂ ਉਸ ਤੋਂ ਗ਼ਲਤੀ ਹੋ ਜਾਣ ਦਾ ਖਦਸ਼ਾ ਹੈ। ਉਸ ਨੂੰ ਸਮਝ ਹੀ ਨਹੀਂ ਆਵੇਗੀ ਕਿ ਉਹ ਕਿਹੜਾ ਵਿਕਲਪ ਚੁਣੇ। ਇਹ ਦੇਖਣ ਨੂੰ ਬਹੁਤ ਸੌਖਾ ਨਜ਼ਰ ਆਉਂਦਾ ਹੈ ਪਰ ਹੁੰਦਾ ਨਹੀਂ। ਇਨ੍ਹਾਂ ਸਵਾਲਾਂ ਦਾ ਸਹੀ ਜਵਾਬ ਸਿਰਫ਼ ਉਹੀ ਵਿਦਿਆਰਥੀ ਦੇ ਸਕਦਾ ਹੈ, ਜਿਸ ਨੇ ਬਹੁਤ ਧਿਆਨ ਨਾਲ ਉਸ ਪਾਠ, ਸਿਲੇਬਸ ਨੂੰ ਪੜ੍ਹਿਆ ਹੋਵੇ ਤੇ ਸਮਝਿਆ ਹੋਵੇ।

**ਪਤਾ ਹੋਣਾ ਚਾਹੀਦਾ ਪ੍ਰਸ਼ਨ ਪੱਤਰ ਹੱਲ ਕਰਨ ਦਾ ਤਰੀਕਾ**

ਵਿਦਿਆਰਥੀ ਨੂੰ ਸਾਰੇ ਵਿਸ਼ਿਆਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਜੇ ਉਹ ਮੈਰਿਟ ਵਿਚ ਆਉਣਾ ਚਾਹੁੰਦਾ ਹੈ ਜਾਂ 90 ਫ਼ੀਸਦੀ ਤੋਂ ਵੱਧ ਨੰਬਰ ਲੈਣੇ ਚਾਹੁੰਦਾ ਹੈ ਤਾਂ ਉਸ ਨੂੰ ਸਾਰੇ ਵਿਸ਼ਿਆਂ ਵੱਲ ਹੀ ਧਿਆਨ ਦੇਣਾ ਪਵੇਗਾ। ਹਰ ਵਿਸ਼ੇ ਦੇ ਨੰਬਰ ਮਿਲ ਕੇ ਹੀ ਉਸ ਨੂੰ ਮੈਰਿਟ ਵਿਚ ਆਉਣ ਦੇ ਯੋਗ ਬਣਾਉਣਗੇ। ਪ੍ਰਸ਼ਨ ਪੱਤਰ ਦਾ ਪੈਟਰਨ ਵਿਦਿਆਰਥੀ ਕੋਲ ਹੋਣਾ ਚਾਹੀਦਾ ਹੈ। ਉਸ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਕਿਹੜਾ ਪ੍ਰਸ਼ਨ ਕਿੰਨੇ ਨੰਬਰਾਂ ਦਾ ਹੋਵੇਗਾ। ਇਸ ਨਾਲ ਉਸ ਨੂੰ ਇਹ ਪਤਾ ਚੱਲ ਜਾਵੇਗਾ ਕਿ ਉੱਤਰ ਕਿੰਨਾ ਕੁ ਲਿਖਣਾ ਹੈ। ਇਸ ਸਭ ਦੇ ਨਾਲ-ਨਾਲ ਪ੍ਰਸ਼ਨ ਪੱਤਰ ਹੱਲ ਕਰਨ ਦਾ ਤਰੀਕਾ ਵੀ ਪਤਾ ਹੋਣਾ ਚਾਹੀਦਾ ਹੈ। ਪ੍ਰਸ਼ਨ ਪੱਤਰ ਹੱਲ ਕਰਦਿਆਂ ਉੱਤਰ ਪੱਤਰੀ ਦੇ ਹਮੇਸ਼ਾ ਪ੍ਰਸ਼ਨ ਦਾ ਨੰਬਰ ਜ਼ਰੂਰ ਪਾਉਣਾ ਚਾਹੀਦਾ ਹੈ। ਵੈਸੇ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਸ ਕ੍ਰਮ ਵਿਚ ਪ੍ਰਸ਼ਨ ਦਿੱਤੇ ਗਏ ਹਨ, ਉਸੇ ਕ੍ਰਮ 'ਚ ਉਨ੍ਹਾਂ ਦੇ ਉੱਤਰ ਲਿਖੇ ਜਾਣ। ਜੇ ਕੋਈ ਪ੍ਰਸ਼ਨ ਅੱਗੇ-ਪਿੱਛੇ ਵੀ ਹੱਲ ਹੁੰਦਾ ਹੈ ਤਾਂ ਉਸ ਦਾ ਪ੍ਰਸ਼ਨ ਨੰਬਰ ਜ਼ਰੂਰ ਨਾਲ ਲਿਖ ਦੇਣਾ ਚਾਹੀਦਾ ਹੈ। ਇਸ ਨਾਲ ਪੇਪਰ ਚੈੱਕ ਕਰਨ ਵਾਲੇ ਨੂੰ ਸੌਖ ਰਹਿੰਦੀ ਹੈ।

**ਕੋਡ ਉੱਤਰ ਪੱਤਰੀ 'ਤੇ ਲਿਖਣਾ**

ਉੱਤਰ ਪੱਤਰੀ ਵਿਚ ਸਫ਼ਾਈ ਨਾਲ ਲਿਖਣਾ ਚਾਹੀਦਾ ਹੈ। ਜਿੱਥੇ ਇਕ ਪ੍ਰਸ਼ਨ ਖ਼ਤਮ ਹੋ ਜਾਂਦਾ ਹੈ, ਉੱਥੇ ਲਾਈਨ ਮਾਰ ਦੇਣੀ ਚਾਹੀਦੀ ਹੈ। ਵਿਦਿਆਰਥੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਬੋਰਡ ਦੇ ਪੇਪਰਾਂ ਵਿਚ ਜੋ ਉੱਤਰ ਪੱਤਰੀ ਮਿਲੀ ਹੈ, ਉਸ ਤੋਂ ਵੱਧ ਕੋਈ ਸ਼ੀਟ ਨਹੀਂ ਮਿਲੇਗੀ। ਉਸ ਨੂੰ ਉਸੇ ਹਿਸਾਬ ਨਾਲ ਆਪਣੇ ਉੱਤਰ ਲਿਖਣੇ ਚਾਹੀਦੇ ਹਨ। ਇੰਜ ਨਹੀਂ ਹੋਣਾ ਚਾਹੀਦਾ ਕਿ ਕੁਝ ਪ੍ਰਸ਼ਨ ਇੰਨੇ ਵਿਸਥਾਰ ਵਿਚ ਲਿਖ ਦਿੱਤੇ ਜਾਣ ਕਿ ਪਿਛਲੇ ਕੁਝ ਪ੍ਰਸ਼ਨਾਂ ਲਈ ਜਗ੍ਹਾ ਹੀ ਨਾ ਬਚੇ। ਸਭ ਤੋਂ ਮਹੱਤਵਪੂਰਨ ਹੁੰਦਾ ਹੈ ਬੋਰਡ ਦੀ ਪ੍ਰੀਖਿਆ ਵਿਚ ਉੱਤਰ ਪੱਤਰੀ ਦੇ ਸ਼ੁਰੂ ਵਿਚ ਆਪਣਾ ਰੋਲ ਨੰਬਰ ਭਰਨਾ ਤੇ ਹੋਰ ਕਾਲਮ ਪੂਰੇ ਕਰਨਾ। ਅੱਜ-ਕੱਲ੍ਹ ਉੱਤਰ ਪੱਤਰੀ ਓਐੱਮਆਰ ਸ਼ੀਟ ਵਰਗੀ ਹੁੰਦੀ ਹੈ। ਵਿਦਿਆਰਥੀ ਨੇ ਆਪਣੇ ਨਾਂ ਤੇ ਰੋਲ ਨੰਬਰ ਵਾਲੇ ਅੱਖਰਾਂ ਦੇ ਗੋਲਿਆਂ ਨੂੰ ਪੈੱਨ ਨਾਲ ਭਰਨਾ ਹੁੰਦਾ ਹੈ। ਸਕੂਲ ਦੇ ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਇਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇ। ਬਿਹਤਰ ਹੈ ਕਿ ਜੇ ਹੋ ਸਕੇ ਤਾਂ ਉੱਤਰ ਪ੍ਰਤੀ ਦਾ ਪਹਿਲਾ ਪੇਜ ਫੋਟੋਸਟੈਟ ਕਰਵਾ ਕੇ ਬੱਚਿਆਂ ਨੂੰ ਵੰਡ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਆਪਣਾ ਰੋਲ ਨੰਬਰ ਨਾ ਤੇ ਤਾਰੀਕ ਭਰਨ ਦਾ ਤਰੀਕਾ ਦੱਸਿਆ ਜਾਵੇ। ਬਹੁਤ ਹੀ ਅਹਿਮ ਗੱਲ ਕਿ ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦਾ ਕੋਡ ਨੰਬਰ ਉੱਤਰ ਪੱਤਰੀ 'ਤੇ ਲਿਖਣਾ ਜ਼ਰੂਰੀ ਹੈ। ਇਹ ਜਾਣਕਾਰੀ ਹੋਣੀ ਵੀ ਚਾਹੀਦੀ ਹੈ ਕਿ ਉੱਤਰ ਪੱਤਰੀ 'ਤੇ ਕਿਤੇ ਵੀ ਆਪਣਾ ਨਾਂ ਨਹੀਂ ਲਿਖਣਾ। ਆਪਣੇ ਕਿਸੇ ਕਿਸਮ ਦੀ ਕੋਈ ਜਾਣ-ਪਛਾਣ ਦੇਣ ਦੀ ਕੋਸ਼ਿਸ਼ ਨਹੀਂ ਕਰਨੀ।

**ਤਿੰਨ ਘੰਟਿਆਂ 'ਚ ਪੂਰਾ ਕਰਨਾ ਹੈ ਪੇਪਰ**

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਵਿਦਿਆਰਥੀ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਤਿੰਨ ਘੰਟਿਆਂ ਵਿਚ ਉਸ ਨੇ ਆਪਣਾ ਪੇਪਰ ਪੂਰਾ ਕਰਨਾ ਹੈ ਤੇ 15 ਮਿੰਟ ਉਸ ਨੂੰ ਪ੍ਰਸ਼ਨ ਪੱਤਰ ਪੜ੍ਹਨ ਲਈ ਮਿਲੇ ਹਨ। ਉਸ ਨੂੰ ਪੂਰਾ ਧਿਆਨ ਆਪਣੇ

ਪ੍ਰਸ਼ਨ ਪੱਤਰ ਨੂੰ ਹੱਲ ਕਰਨ ਵੱਲ ਦੇਣਾ ਚਾਹੀਦਾ ਹੈ। ਆਪਣੇ ਆਪ ’ਤੇ ਵਿਸ਼ਵਾਸ ਰੱਖ ਕੇ ਪ੍ਰਸ਼ਨਾਂ ਦੇ ਉੱਤਰ ਲਿਖਣੇ ਚਾਹੀਦੇ ਹਨ। ਨਕਲ ਕਰਨਾ ਚੰਗੀ ਗੱਲ ਨਹੀਂ ਇਹ ਵਿਦਿਆਰਥੀ ਨੂੰ ਮਾਂ-ਬਾਪ ਤੇ ਅਧਿਆਪਕਾਂ ਵੱਲੋਂ ਸਿਖਾਇਆ ਜਾਣਾ ਜ਼ਰੂਰੀ ਹੈ। ਵਿਦਿਆਰਥੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕਿਸੇ ਕਿਸਮ ਦਾ ਗ਼ਲਤ ਤਰੀਕਾ ਅਪਣਾਉਣ ’ਤੇ ਅਨਫੇਅਰ ਮੀਨਸ ਕੇਸ ਬਣ ਸਕਦਾ ਹੈ, ਜਿਸ ਨਾਲ ਉਸ ਨੂੰ ਕੁਝ ਸਾਲਾਂ ਲਈ ਉਸ ਜਮਾਤ ਦੇ ਪੇਪਰ ਦੇਣ ਤੋਂ ਰੋਕ ਦਿੱਤਾ ਜਾਂਦਾ ਹੈ।

**ਹਰ ਵਿਸ਼ੇ ਨੂੰ ਦਿਉ ਸਮਾਂ**

ਪੇਪਰਾਂ ਲਈ ਦੁਹਰਾਈ ਕਰਦਿਆਂ ਸਭ ਤੋਂ ਜ਼ਰੂਰੀ ਹੈ ਲਗਾਤਾਰਤਾ ਬਣਾਈ ਰੱਖਣ ਦੀ। ਹੁਣ ਪੇਪਰਾਂ ਵਿਚ ਬਹੁਤੇ ਦਿਨ ਨਹੀਂ ਰਹਿ ਗਏ, ਇਸ ਲਈ ਵਿਦਿਆਰਥੀ ਨੂੰ ਆਪਣਾ ਟਾਈਮ ਟੇਬਲ ਬਣਾ ਕੇ ਜਿੱਥੇ ਉਹ ਬੈਠ ਕੇ ਪੜ੍ਹਦਾ ਹੈ, ਉੱਥੇ ਕੰਧ ’ਤੇ ਚਿਪਕਾ ਲੈਣਾ ਚਾਹੀਦਾ ਹੈ। ਇਸ ਟਾਈਮ ਟੇਬਲ ਵਿਚ ਹਰ ਵਿਸ਼ੇ ਨੂੰ ਸਮਾਂ ਦੇਣਾ ਜ਼ਰੂਰੀ ਹੈ। ਇਹ ਜ਼ਰੂਰੀ ਨਹੀਂ ਕਿ ਲਗਾਤਾਰ ਚਾਰ ਘੰਟੇ ਪੜ੍ਹਿਆ ਜਾਵੇ। ਇਕ ਘੰਟਾ ਪੜ੍ਹ ਕੇ 10 ਮਿੰਟ ਦੀ ਬ੍ਰੇਕ ਲਈ ਜਾ ਸਕਦੀ ਹੈ। ਇਸ ਨਾਲ ਦਿਮਾਗ਼ ਤਰੋਤਾਜ਼ਾ ਹੋ ਜਾਂਦਾ ਹੈ ਤੇ ਥੋੜ੍ਹਾ ਆਰਾਮ ਵੀ ਮਿਲਦਾ ਹੈ। ਟਾਇਮ ਟੇਬਲ ਬਣਾਉਂਦਿਆਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਹਰ ਵਿਸ਼ੇ ਨੂੰ ਜਿੰਨੀ ਜ਼ਰੂਰਤ ਹੈ, ਓਨਾ ਸਮਾਂ ਦਿੱਤਾ ਜਾਵੇ। ਦੁਹਰਾਈ ਕਰਦਿਆਂ ਜਿਹੜਾ ਕੋਈ ਪੁਆਇੰਟ ਸਮਝ ਨਾ ਆਵੇ, ਉਸ ਨੂੰ ਨੋਟ ਕਰ ਲੈਣਾ ਚਾਹੀਦਾ ਹੈ। ਫਿਰ ਆਪਣੇ ਅਧਿਆਪਕ ਤੋਂ ਕਿਸੇ ਵੀ ਸਮੇਂ ਉਸ ਬਾਰੇ ਪੁੱਛ ਲੈਣਾ ਚਾਹੀਦਾ ਹੈ। ਪੜ੍ਹਦਿਆਂ ਹਮੇਸ਼ਾ ਹੀ ਜਵਾਬ ਦੇ ਕੁਝ ਪੁਆਇੰਟਸ ਬਣਾ ਲੈਣੇ ਚਾਹੀਦੇ ਹਨ, ਜਿਨ੍ਹਾਂ ਤੋਂ ਤੁਹਾਨੂੰ ਯਾਦ ਕਰਨਾ ਸੌਖਾ ਹੋਵੇ। ਇਨ੍ਹਾਂ ਪੁਆਇੰਟਸ ਨੂੰ ਬਾਅਦ ’ਚ ਵਿਸਥਾਰ ਵਿਚ ਲਿਖਿਆ ਜਾ ਸਕਦਾ ਹੈ। ਇਸ ਤਰ੍ਹਾਂ ਯਾਦ ਕਰਨ ਵਿਚ ਵੀ ਆਸਾਨੀ ਹੁੰਦੀ ਹੈ।

**ਮਿਹਨਤ ’ਤੇ ਰੱਖੋ ਵਿਸ਼ਵਾਸ**

ਵਿਦਿਆਰਥੀ ਨੂੰ ਆਪਣੀ ਮਿਹਨਤ ’ਤੇ ਯਕੀਨ ਹੋਣਾ ਚਾਹੀਦਾ ਹੈ। ਜੇ ਕੋਈ ਵਿਦਿਆਰਥੀ ਪ੍ਰੀਖਿਆ ਤੋਂ ਮਹੀਨਾ ਪਹਿਲਾਂ ਚੰਗੀ ਤਰ੍ਹਾਂ ਪੜ੍ਹਦਾ ਹੈ, ਹਰ ਵਿਸ਼ੇ ਨੂੰ ਬਣਦਾ ਸਮਾਂ ਦਿੰਦਾ ਹੈ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਉਸ ਨੂੰ ਚੰਗੇ ਅੰਕ ਪ੍ਰਾਪਤ ਨਾ ਹੋਣ। ਸਕੂਲ ਤੋਂ ਘਰ ਜਾਣ ਤੋਂ ਬਾਅਦ ਵਿਦਿਆਰਥੀ ਕੋਲ ਬਹੁਤ ਸਮਾਂ ਹੁੰਦਾ ਹੈ, ਜਿਸ ਵਿੱਚੋਂ ਚਾਰ ਤੋਂ ਪੰਜ ਘੰਟੇ ਉਹ ਪੜ੍ਹਨ ਵਿਚ ਬਿਤਾ ਸਕਦਾ ਹੈ। ਜੇ ਵਿਦਿਆਰਥੀ ਚਾਹੇ ਤਾਂ ਉਹ ਇਸ ਤੋਂ ਜ਼ਿਆਦਾ ਸਮਾਂ ਵੀ ਪੜ੍ਹਨ ਲਈ ਰੱਖ ਸਕਦਾ ਹੈ। ਇਕ ਅਹਿਮ ਸੁਝਾਅ ਮਾਪਿਆਂ ਲਈ ਹੈ ਕਿ ਜੇ ਤੁਹਾਡਾ ਬੱਚਾ ਸਵੇਰੇ ਉੱਠ ਕੇ ਪੜ੍ਹਨਾ ਪਸੰਦ ਕਰਦਾ ਹੈ ਤਾਂ ਉਸ ਨੂੰ ਸਵੇਰੇ ਜਲਦੀ ਉਠਾ ਦਿੱਤਾ ਜਾਵੇ। ਕਈ ਵਿਦਿਆਰਥੀ ਰਾਤ ਨੂੰ ਪੜ੍ਹਨਾ ਪਸੰਦ ਕਰਦੇ ਹਨ ਤਾਂ ਮਾਤਾ-ਪਿਤਾ ਯਕੀਨੀ ਬਣਾਉਣ ਕਿ ਜਦੋਂ ਤਕ ਬੱਚਾ ਜਾਗਦਾ ਹੈ, ਉਦੋਂ ਤਕ ਉਨ੍ਹਾਂ ਵਿੱਚੋਂ ਕੋਈ ਇਕ ਜੀਅ ਜਾਗਦਾ ਰਹੇ। ਪੇਪਰਾਂ ਦੇ ਦਿਨਾਂ ਵਿਚ ਬੱਚਿਆਂ ’ਚ ਡਿਪਰੈਸ਼ਨ ਵੀ ਪਾਇਆ ਜਾਂਦਾ ਹੈ। ਇਸ ਲਈ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ। ਖ਼ਾਸ ਤੌਰ ’ਤੇ ਉਨ੍ਹਾਂ ਦੀ ਮਾਨਸਿਕ ਸਿਹਤ ਵੱਲ।

**ਮਾਨਸਿਕ ਸਿਹਤ ਦਾ ਧਿਆਨ**

ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹੈ ਪਰ ਇਸ ਲਈ ਉਸ ’ਤੇ ਕਿਸੇ ਕਿਸਮ ਦਾ ਦਬਾਅ ਨਹੀਂ ਹੋਣਾ ਚਾਹੀਦਾ। ਬੱਚਾ ਇਕ ਪਾਸੇ ਪੇਪਰਾਂ ਦੇ ਦਬਾਅ ਵਿਚ ਹੁੰਦਾ ਹੈ ਤੇ ਦੂਜੇ ਪਾਸੇ ਮਾਪਿਆਂ ਤੇ ਅਧਿਆਪਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਉਸ ’ਤੇ ਪੂਰਾ-ਪੂਰਾ ਦਬਾਅ ਬਣਿਆ ਹੁੰਦਾ ਹੈ। ਅਜਿਹੇ ਸਮੇਂ ਵਿਚ ਬੱਚਾ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਜਾਂਦਾ ਹੈ। ਕਈ ਵਾਰ ਤਾਂ ਉਹ ਪੇਪਰ ਵਿਚ ਜਾ ਕੇ ਸਭ ਕੁਝ ਹੀ ਭੁੱਲ ਜਾਂਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਬੱਚੇ ਦੀ ਮਾਨਸਿਕ ਸਿਹਤ ਦਾ ਖ਼ਿਆਲ ਰੱਖਦਿਆਂ ਉਸ ’ਤੇ ਬਹੁਤਾ ਦਬਾਅ ਨਾ ਬਣਾਇਆ ਜਾਵੇ।

**ਹੋਰ ਬੱਚਿਆਂ ਨਾਲ ਨਾ ਕਰੋ ਤੁਲਨਾ**

ਹਰ ਬੱਚਾ ਮੈਰਿਟ ’ਚ ਨਹੀਂ ਆ ਸਕਦਾ। ਹਰ ਬੱਚੇ ਦੇ ਮਾਨਸਿਕ ਪੱਧਰ ਦੇ ਹਿਸਾਬ ਨਾਲ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ। ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਕਦੇ ਵੀ ਆਪਣੇ ਬੱਚੇ ਦੀ ਤੁਲਨਾ ਕਿਸੇ ਹੋਰ ਬੱਚੇ ਨਾਲ ਨਾ ਕਰਨ। ਅਜਿਹਾ ਕਰਨ ’ਤੇ ਬੱਚੇ ਦਾ ਦਿਲ ਟੁੱਟ ਜਾਂਦਾ ਹੈ। ਉਸ ਨੂੰ ਜਾਪਦਾ ਹੈ ਕਿ ਉਹ ਮਾਂ-ਬਾਪ ਤੇ ਅਧਿਆਪਕਾਂ ਦੀਆਂ ਉਮੀਦਾਂ ’ਤੇ ਪੂਰਾ ਨਹੀਂ ਉਤਰ ਸਕਦਾ ਤੇ ਕਈ ਵਾਰ ਨਾਂਹ-ਪੱਖੀ ਖ਼ਿਆਲ ਉਸ ਦੇ ਮਨ ਵਿਚ ਆਉਂਦੇ ਹਨ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਮਾਂ-ਬਾਪ, ਅਧਿਆਪਕ ਸਭ ਦਾ ਫ਼ਰਜ਼ ਬਣਦਾ ਹੈ ਕਿ ਉਹ ਬੱਚੇ ਦੀ ਬਿਹਤਰੀ ਲਈ ਉਸ ਵੱਲ ਧਿਆਨ ਦੇਣ। ਉਸ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਤਾਂ ਜੋ ਉਹ ਮਾਨਸਿਕ ਦਬਾਅ ਦਾ ਸ਼ਿਕਾਰ ਹੋਏ ਬਿਨਾਂ ਆਪਣੇ ਪੇਪਰਾਂ ਵਿਚ ਚੰਗੀ ਪ੍ਰਾਪਤੀ ਕਰ ਸਕੇ। ਬੱਚੇ ’ਤੇ ਉਮੀਦਾਂ ਦਾ ਬੋਝ ਨਾ ਪਾਇਆ ਜਾਵੇ ਸਗੋਂ ਉਸ ਨੂੰ ਚੰਗੀ ਕਾਰਗੁਜ਼ਾਰੀ ਲਈ ਉਤਸ਼ਾਹਿਤ ਕੀਤਾ ਜਾਵੇ। -0-

ਬਾਲ ਕਹਾਣੀ

# ਸਵੈਮਾਨ ਵਾਲਾ ਜੀਵਨ

**ਰਘੁਵੀਰ ਸਿੰਘ 98550-24495**

ਇਕ ਪਿੰਡ ਨੇੜੇ ਇਕ ਸੰਘਣੇ ਅੰਬਾਂ ਦਾ ਬਾਗ ਸੀ। ਇਸ ਬਾਗ ਵਿਚ ਕਾਫੀ ਪੰਛੀ ਰਹਿੰਦੇ ਸਨ। ਬਹੁਗਿਣਤੀ ਕਾਵਾਂ ਦੇ ਨਾਲ ਇਥੇ ਚਿੜੀਆਂ, ਘੁੱਗੀਆਂ, ਤੋਤੇ ਅਤੇ ਕੁਝ ਹੋਰ ਛੋਟੇ ਪੰਛੀ ਵੀ ਰਹਿੰਦੇ ਸਨ। ਕਾਂ ਇੱਕ ਤਾਂ ਚਲਾਕ ਸੁਭਾਅ ਦੇ ਮਾਲਕ ਸਨ ਤੇ ਉੱਤੋਂ ਉਨ੍ਹਾਂ ਦੀ ਗਿਣਤੀ ਵੀ ਬਾਕੀ ਸਾਰੇ ਪੰਛੀਆਂ ਨਾਲੋਂ ਜ਼ਿਆਦਾ ਸੀ। ਇਸੇ ਕਰਕੇ ਉਹ ਸਦਾ ਦੂਜੇ ਪੰਛੀਆਂ ਉੱਤੇ ਆਪਣਾ ਰੋਹਬ ਪਾਈ ਰੱਖਦੇ। ਸ਼ਾਮ-ਸਵੇਰੇ ਉੱਚੀ-ਉੱਚੀ ਕਾਵਾਂਰੌਲੀ ਪਾ, ਕਾਂ ਬਾਕੀ ਪੰਛੀਆਂ ਨੂੰ ਚੁੱਪ ਕਰਾ ਦਿੰਦੇ ਤੇ ਇੰਝ ਪ੍ਰਭਾਵ ਦਿਖਾਉਂਦੇ ਕਿ ਜਿਵੇਂ ਇਸ ਬਾਗ ਉੱਤੇ ਉਨ੍ਹਾਂ ਦਾ ਹੀ ਪਹਿਲਾ ਹੱਕ ਹੋਵੇ।

ਇਨ੍ਹਾਂ ਪੰਛੀਆਂ ਸੰਗ ਇਕ ਕੋਇਲਾਂ ਦਾ ਜੋੜਾ ਵੀ ਅੰਬਾਂ ਦੇ ਇਸ ਬਾਗ ਵਿਚ ਆ ਕੇ ਰਹਿਣ ਲੱਗਾ। ਕੱਦ-ਕਾਠ ਤੇ ਰੰਗ-ਰੂਪ ਪੱਖੋਂ ਉਹ ਭਾਵੇਂ ਕਾਵਾਂ ਨਾਲ ਕਾਫੀ ਮਿਲਦੇ ਸਨ, ਤਾਂ ਵੀ ਕਾਂ ਉਨ੍ਹਾਂ ਨੂੰ ਓਪਰਾ ਜਿਹਾ ਝਾਕਦੇ। ਉਹ ਕਦੇ ਕੋਇਲਾਂ ਦੇ ਸ਼ਾਹ ਕਾਲੇ ਰੰਗ ਕਾਰਨ ਉਨ੍ਹਾਂ ਨੂੰ ਕਾਲੇ-ਕਲੂਟੇ ਆਖ ਮਖੌਲ ਕਰਦੇ ਤੇ ਕਦੇ ਉਨ੍ਹਾਂ ਦੇ ਆਸੇ-ਪਾਸੇ ਝੁਰਮਟ ਪਾ ਆਪਣੀ ਕਾਵਾਂਰੌਲੀ ਨਾਲ ਉਨ੍ਹਾਂ ਦਾ ਮਨੋਬਲ ਨੀਵਾਂ ਕਰਨ ਦੀਆਂ ਕੋਸ਼ਿਸ਼ਾਂ ਕਰਦੇ। ਕਾਂ ਚਾਹੁੰਦੇ ਸਨ ਕਿ ਜਿਵੇਂ ਬਾਕੀ ਪੰਛੀ ਆਪਣਾ ਸਵੈਮਾਣ ਛੱਡ ਉਨ੍ਹਾਂ ਦੀ ਜੀ ਹਜ਼ੂਰੀ ਕਰਦੇ ਹਨ, ਇਵੇਂ ਕੋਇਲਾਂ ਵੀ ਕਰਨ।

ਕਾਵਾਂ ਦੀਆਂ ਇਨ੍ਹਾਂ ਚਾਲਾਂ ਅਤੇ ਹੈਂਕੜ ਭਰੇ ਵਤੀਰੇ ਕਾਰਨ ਮਾਦਾ ਕੋਇਲ ਕਾਫੀ ਉਦਾਸ ਰਹਿਣ ਲੱਗੀ। ਬਹੁਗਿਣਤੀ ਕਾਵਾਂ 'ਚ ਉਸ ਨੂੰ ਇਕੱਲ ਡਰਾਉਣ ਲਗਦੀ। ਇਕ ਦਿਨ ਇਵੇਂ ਹੀ ਉਦਾਸੀ 'ਚ ਉਹ ਆਪਣੇ ਸਾਥੀ ਨਰ ਕੋਇਲ ਨੂੰ ਇਹ ਬਾਗ ਛੱਡ ਕੇ ਕਿਤੇ ਹੋਰ ਰਹਿਣ ਲਈ ਕਹਿਣ ਲੱਗੀ। ਨਰ ਕੋਇਲ ਕੁਝ ਬਹਾਦਰ ਵੀ ਸੀ ਤੇ ਸਮਝਦਾਰ ਵੀ। ਉਸ ਨੇ ਬੜੇ ਹੀ ਠਰ੍ਹੰਮੇ ਨਾਲ ਮਾਦਾ ਕੋਇਲ ਨੂੰ ਸਮਝਾਉਂਦਿਆਂ ਆਖਿਆ, 'ਐ ਆਪਣੀ ਵੱਖਰੀ ਪਛਾਣ ਅਤੇ ਘੱਟ-ਗਿਣਤੀ ਹੋਣ ਕਾਰਨ ਕਦੇ ਘਬਰਾਈਦਾ ਨਹੀਂ, ਸਗੋਂ ਆਪਣੀ ਪਛਾਣ ਨੂੰ ਮਜ਼ਬੂਤ ਬਣਾਈਦਾ। ਬਹੁਤਿਆਂ ਤੋਂ ਵੱਖਰੇ ਹੋਣਾ ਕੋਈ ਬੁਰਾਈ ਨਹੀਂ, ਬਸ਼ਰਤੇ ਕਿ ਸਾਡੀ ਵੱਖਰੀ ਪਛਾਣ ਕਿਸੇ ਗੁਣ ਕਰਕੇ ਹੋਵੇ, ਔਗੁਣ ਕਰਕੇ ਨਹੀਂ।'

'ਅੱਛਾ! ਉਹ ਕਿਵੇਂ?' ਮਾਦਾ ਕੋਇਲ ਨੇ ਆਪਣਾ ਡਰ ਕੁਝ ਦੂਰ ਕਰਦਿਆਂ ਕਿਹਾ।

'ਆਹ ਹੁਣੇ ਵੇਖ ਲੈ।' ਇਹ ਆਖ ਨਰ ਕੋਇਲ ਨੇ ਆਪਣੀ ਸੁਰੀਲੀ ਆਵਾਜ਼ ਨਾਲ ਜਿਵੇਂ ਹੀ ਕੂ-ਕੂ ਬੋਲਣਾ ਸ਼ੁਰੂ ਕੀਤਾ, ਸਾਰਾ ਬਾਗ ਹੀ ਝੂਮ ਉੱਠਿਆ। ਅੰਬਾਂ ਦੇ ਬੂਟੇ, ਚਿੜੀਆਂ, ਤੋਤੇ, ਸਾਰੇ ਪੰਛੀ ਕੋਇਲ ਦੀ ਮਿੱਠੀ ਆਵਾਜ਼ ਨਾਲ ਕੀਲੇ ਗਏ। ਕਾਂ ਵੀ ਕੋਇਲ ਦੇ ਇਸ ਵਿਲੱਖਣ ਗੁਣ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ ਤੇ ਹੌਲੀ-ਹੌਲੀ ਉਨ੍ਹਾਂ ਦੀ ਕਾਵਾਂ-ਰੌਲੀ ਆਪੇ ਹੀ ਮੱਧਮ ਪੈਣ ਲੱਗੀ।

ਉਸ ਦਿਨ ਤੋਂ ਬਾਅਦ ਮੁੜ ਕਾਵਾਂ ਵੱਲੋਂ ਕੋਇਲਾਂ ਨੂੰ ਪ੍ਰੇਸ਼ਾਂ ਕਰਨ ਦਾ ਹੌਸਲਾ ਨਾ ਹੋਇਆ ਤੇ ਕੋਇਲਾਂ ਦਾ ਜੋੜਾ ਇਕ ਅਨੋਖੇ ਸਵੈਮਾਣ ਨਾਲ ਬਾਕੀ ਪੰਛੀਆਂ ਸੰਗ ਉਸੇ ਬਾਗ 'ਚ ਅਨੰਦ ਨਾਲ ਰਹਿਣ ਲੱਗਾ। -0-

# ਦ੍ਰਿੜ੍ਹਤਾ

ਕਰਮ ਸਿੰਘ ਹਿਸਟੋਰੀਅਨ

ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਦੇ ਹੁੰਦਿਆਂ ਸੁੰਦਿਆਂ ਵੀ ਉਸ ਨੂੰ ਪੂਰਾ ਕਰ ਕੇ ਛੱਡਣਾ, ਇਹ ਦ੍ਰਿੜ੍ਹਤਾ ਹੈ ਅਤੇ ਇਹ ਐਸਾ ਗੁਣ ਹੈ ਕਿ ਇਸ ਤੋਂ ਬਿਨਾਂ ਕੋਈ ਕੌਮ ਜੀਉਂਦੀ ਨਹੀ ਰਹਿ ਸਕਦੀ।

ਸਿੱਖ ਕੌਮ ਵਿੱਚ ਦ੍ਰਿੜ੍ਹਤਾ ਬਹੁਤ ਵਧ ਕੇ ਹੈ, ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਸ ਕੰਮ ਨੂੰ ਸਿੱਖ ਹੱਥ ਪਾ ਬਹਿਣਗੇ ਉਸ ਨੂੰ ਪੂਰਾ ਕਰ ਕੇ ਹੀ ਛੱਡਣਗੇ। ਸਿੰਘਾਂ ਨੇ ਕਿਹਾ ਸੀ ਕਿ ਅਸੀਂ ਮੁਗਲਾਂ ਦੀ ਸਫ਼ਾ ਵਲ੍ਹੇਟ ਦੇਣੀ ਹੈ। ਮੁਗਲਾਂ ਹੱਥੋਂ ਸਿੰਘਾਂ ਨੇ ਚਾਲੀ ਸਾਲ ਕਸ਼ਟ ਝੱਲੇ, ਪਰ ਅੰਤ ਨੂੰ ਮੁਗਲਾਂ ਦੀ ਸਫ਼ਾ ਵਲ੍ਹੇਟ ਹੀ ਦਿੱਤੀ। ਸਿੰਘਾਂ ਨੇ ਪ੍ਰਣ ਕੀਤਾ ਸੀ ਕਿ ਅਸਾਂ ਸਰਹੰਦ ਦੀ ਇਟ-ਇਟ ਕਰ ਦੇਣੀ ਹੈ। ੫੮ ਸਾਲ ਸਿੰਘ ਇਸੇ ਜਤਨ ਵਿੱਚ ਲੱਗੇ ਰਹੇ, ਪਰ ਅੰਤ ਸਰਹੰਦ ਨੂੰ ਉਜਾੜ ਕੇ ਹੀ ਹਟੇ।

ਸਰਹੰਦ ਉਜਾੜਨਾ ਕੋਈ ਸੌਖੀ ਜਿਹੀ ਗੱਲ ਨਹੀਂ ਸੀ। ਇਹ ਲਾਹੌਰ ਦੇ ਟਾਕਰੇ ਦਾ ਸ਼ਹਿਰ ਅਤੇ ਦਿੱਲੀ ਦੇ ਮਾਤਹਿਤ ਸੀ। ਸਰਹੰਦ ਦੀ ਸਿਰ ਪੀੜ ਸੁਣ ਕੇ ਦਿੱਲੀ ਤੋਂ ਫੌਜਾਂ ਦਾ ਵਹੀਰ ਪੈ ਜਾਂਦਾ ਸੀ। ਕੌਣ ਸੂਰਮਾ ਸੀ ਜੋ ਸਰਹੰਦ ਵੱਲ ਗਹਿਰੀ ਅੱਖ ਕਰ ਕੇ ਵੇਖ ਸਕਦਾ।

ਮੁਗਲਾਂ ਦੀ ਹਕੂਮਤ ਜੋਬਨ ਉੱਤੇ ਸੀ ਅਤੇ ਸਿੰਘਾਂ ਨੇ ਇਹ ਧਾਰੀ ਕਿ ਅਸਾਂ ਸਰਹੰਦ ਦੀ ਇੱਟ-ਇੱਟ ਅੱਡ ਕਰਨੀ ਹੈ। ਸੁਣਨ ਵਾਲੇ ਆਖਦੇ ਸਨ ਕਿ ਇਹ ਬੌਰਿਆਂ ਦੀਆਂ ਗੱਲਾਂ ਹਨ। ਸਿੰਘਾਂ ਨੂੰ ਸਿਰ ਲੁਕਾਉਣ ਨੂੰ ਤਾਂ ਥਾਂ ਨਹੀਂ ਮਿਲਦਾ, ਸਰਹੰਦ ਦੇ ਕੋਟ ਲਾਗੇ ਤਾਂ ਇਹ ਫਟਕ ਨਹੀਂ ਸਕਦੇ, ਇਹਨਾਂ ਸਰਹੰਦ ਦਾ ਕੀ ਵਿਗਾੜ ਸਕਣਾ ਹੈ, ਇਹ ਆਪਣੀ ਹੀ ਸੁੱਖ ਮੰਗਣ।

ਪੰਜ ਸਾਲ ਲੰਘ ਗਏ ਅਤੇ ਸਿੰਘ ਦੱਬੇ ਰਹੇ। ਬੰਦਾ ਆਇਆ ਅਤੇ ਸਰਹੰਦ ਉੱਤੇ ਸਿੰਘਾਂ ਦਾ ਕਬਜ਼ਾ ਹੋ ਗਿਆ, ਪਰ ਸ਼ਹਿਰ ਵਾਲਿਆਂ ਪਾਸੋਂ ਬਹੁਤ ਸਾਰਾ ਰੁਪਿਆ ਲੈ ਕੇ ਬੰਦੇ ਨੇ ਸ਼ਹਿਰ ਨੂੰ ਉਜੜਨ ਨਾ ਦਿੱਤਾ। ਦਿਲਾਂ ਦੀਆਂ ਦਿਲਾਂ ਵਿਚ ਹੀ ਰਹਿ ਗਈਆਂ ਅਤੇ ਪੰਜਾਂ ਮਹੀਨਿਆਂ ਮਗਰੋਂ ਸਰਹੰਦ ਬੰਦੇ ਪਾਸੋਂ ਖੁੱਸ ਗਿਆ।

ਹੁਣ ਸਿੰਘਾਂ ਉੱਤੇ ਮੁਸੀਬਤ ਦੇ ਬੱਦਲ ਟੁੱਟ ਪਏ। ਤੀਹ ਪੈਂਤੀ ਸਾਲ ਸਿੰਘਾਂ ਦੇ ਸਿਰ ਉੱਤੇ ਤਲਵਾਰ ਲਟਕੀ ਰਹੀ, ਪਰ ਸਿੰਘ ਹੌਲੀ-ਹੌਲੀ ਵਧਦੇ ਹੀ ਗਏ, ਵਧਦੇ ਗਏ ਅਤੇ ਤਕੜੇ ਹੁੰਦੇ ਗਏ। ਅੰਤ ਨੂੰ ਇਹਨਾਂ ਵਿੱਚ ਕੁਝ ਕੁ ਆਸ ਆਈ ਤਾਂ ਇਹਨਾਂ ਨੇ ਪਹਿਲਾ ਹੱਥ ਸਰਹੰਦ ਉਤੇ ਹੀ ਕਰਨਾ ਚਾਹਿਆ।

ਇਹ ਸੰਮਤ 1811 ਬਿ: ਦੀ ਗੱਲ ਹੈ ਜਦ ਕਿ ਲਾਹੌਰ ਗਿਰਦੇ ਮੀਰ ਮੰਨੂੰ ਸਿੰਘਾਂ ਦਾ ਸ਼ਿਕਾਰ ਖੇਡ ਰਿਹਾ ਸੀ। ਖਾਲਸਾ ਜੀ ਦੀ ਕੋਈ ਦਸ ਬਾਰਾਂ ਹਜ਼ਾਰ ਦੀ ਭੀੜ ਸੀ ਕਿ ਏਕਾ-ਏਕ ਸਰਹੰਦ ਉਤੇ ਜਾ ਪਏ ਅਤੇ ਅੱਖ ਦੇ ਫੇਰ ਵਿੱਚ ਕੋਟ ਟੱਪ ਕੇ ਸ਼ਹਿਰ ਵਿੱਚ ਵੜ ਗਏ। ਸ਼ਾਹੀ ਸੈਨਾ ਦੇ ਸੁਚੇਤ ਹੁੰਦਿਆਂ ਹੁੰਦਿਆਂ ਹੀ ਸ਼ਹਿਰ ਸੋਧ ਦਿੱਤਾ ਅਤੇ ਘੋੜਿਆਂ ਨੂੰ ਅੱਡੀਆਂ ਲਾ ਕੇ ਠੀਕਰੀ ਵਾਲੇ ਜਾ ਕੇ ਸਾਹ ਲਿਆ। ਸਰਹੰਦ ਉਤੇ ਸਿੰਘਾਂ ਦਾ ਇਹ ਪਹਿਲਾਂ ਹੱਲਾ ਸੀ।

ਤਿੰਨ ਸਾਲ ਮਗਰੋਂ ਸੰਮਤ 1814 ਦੇ ਅਖੀਰ ਵਿੱਚ ਜਦ ਮਰਹੱਟੇ ਪੰਜਾਬ ਵੱਲ ਆਏ ਤੇ ਸਰਹੰਦ ਨੂੰ ਸਰ ਕਰਨਾ ਚਾਹਿਆ ਤਾਂ ਅਦੀਨਾ ਬੇਗ ਦੀ ਸਲਾਹ ਨਾਲ ਇਹ ਕੰਮ ਸਿੰਘਾਂ ਦੇ ਸੁਪਰਦ ਕੀਤਾ ਗਿਆ, ਜਿਨ੍ਹਾਂ ਨੇ ਪਲੋ-ਪਲੀ ਵਿੱਚ ਸ਼ਹਿਰ ਲੈ ਲਿਆ ਅਤੇ ਤਿੰਨਾਂ ਦਿਨਾਂ ਵਿੱਚ ਹੀ ਪੂਰੀ ਤਰ੍ਹਾਂ ਸੋਧ ਦਿੱਤਾ।

ਹੁਣ ਮਰਹੱਟਿਆਂ ਦੀ ਹਕੂਮਤ ਹੋ ਗਈ, ਪਰ ਝੱਬਦੇ ਹੀ ਅਹਿਮਦ ਸ਼ਾਹ ਫੇਰ ਆ ਗਿਆ ਅਤੇ ਮਰਹੱਟਿਆਂ ਨੂੰ ਹਿੰਦੁਸਤਾਨ ਵੱਲ ਧੱਕ ਕੇ ਲੈ ਗਿਆ। ਇਸ ਵੇਲੇ ਸਰਹੰਦ ਇਕ ਤਰ੍ਹਾਂ ਸੁੰਞੀ ਹੀ ਪਈ ਸੀ। ਖਾਲਸਾ ਜੀ ਨੇ ਗੁਰਮਤਾ ਸੋਧ ਕੇ ਸਰਹੰਦ ਨੂੰ ਘੇਰ ਲਿਆ ਅਤੇ ਚੰਗੀ ਤਰ੍ਹਾਂ ਸੋਧ ਕੇ ਮਾਲਵੇ ਨੂੰ ਚਲੇ ਗਏ। ਇਹ ਗੱਲ ਸੰਮਤ 1816 ਬਿ: ਦੀ ਹੈ।

ਹੁਣ ਤਾਂ ਖਾਲਸਾ ਨਿੱਤ ਸਰਹੰਦ ਦੇ ਉਦਾਲੇ ਉਦਾਲੇ ਫਿਰਦਾ। ਸਰਹੰਦ ਦਾ ਹਾਕਮ ਜ਼ੈਨ ਖਾਂ ਭੀ ਸਿਆਣਾ ਸੀ, ਇਸ ਨੇ ਅਹਿਮਦ ਸ਼ਾਹ ਨੂੰ ਸੱਦ ਕੇ ਸੰਮਤ ੧੮੧੮ ਵਿਚ ਕਈ ਹਜ਼ਾਰ ਖਾਲਸੇ ਨੂੰ ਸ਼ਹੀਦ ਕਰਵਾ ਦਿੱਤਾ। ਪਰ ਖਾਲਸੇ ਜੀ ਨੇ ਸਰਹੰਦ ਵਲੋਂ ਅੱਖ ਨਾ ਹੀ ਚੁੱਕੀ।

ਸੰਮਤ ੧੮੨੦ ਦੇ ਮਾਘ ਦਾ ਮਹੀਨਾ ਸੀ ਕਿ ਖਾਲਸਾ ਜੀ ਫੇਰ ਇਕੱਠ ਕਰਕੇ ਸਰਹੰਦ ਦੇ ਉਦਾਲੇ ਜਾ ਹੋਏ ਅਤੇ ਜ਼ੈਨ ਖਾਂ ਨੂੰ ਮਾਰ ਕੇ ਸਰਹੰਦ ਉੱਤੇ ਕਬਜ਼ਾ ਕਰ ਲਿਆ।

ਗੁਰੂ-ਮਾਰੀ ਸਰਹੰਦ ਦੇ ਅੰਦਰ ਕਿਸੇ ਸਰਦਾਰ ਨੇ ਡੇਰਾ ਨਾ ਲਾਇਆ, ਸਾਰੇ ਖਾਲਸੇ ਦੇ ਡੇਰੇ ਸ਼ਹਿਰੋਂ ਬਾਹਰ ਸਨ। ਕੋਟ ਦੇ ਅੱਡ-ਅੱਡ ਹਿੱਸੇ ਵੰਡ ਲਏ ਅਤੇ ਹਰ ਇੱਕ ਮਿਸਲ ਆਪਣੇ ਆਪਣੇ ਹਿੱਸੇ ਨੂੰ ਢਾਹੁਣ ਲੱਗੀ। ਸਾਰੇ ਕੋਟ ਦੀ ਇੱਟ-ਇੱਟ ਕਰ ਦਿੱਤੀ। ਸਭ ਹਵੇਲੀਆਂ ਢਾਹ ਦਿੱਤੀਆਂ, ਸਾਰਾ ਸ਼ਹਿਰ ਉਜਾੜ ਦਿੱਤਾ, ਲੱਖਾਂ ਦੀ ਵਸੋਂ ਵਾਲੇ ਸ਼ਹਿਰ ਵਿੱਚ ਇਕ ਬੰਦਾ ਵੀ ਨਾ ਰਹਿ ਗਿਆ। ਹੁਣ ਸਰਦਾਰਾਂ ਨੇ ਪਿੰਡਾਂ ਵਿੱਚੋਂ ਖੋਤੇ ਮੰਗਵਾ ਕੇ ਖੋਤਿਆਂ ਦੇ ਹਲ ਆਪ ਚਲਾਏ ਅਤੇ ਹੁਕਮ ਦੇ ਦਿੱਤਾ ਕਿ ਹਰ ਇੱਕ ਸਿੰਘ ਸਰਹੰਦ ਦੀਆਂ ਪੰਜ-ਪੰਜ ਇੱਟਾ ਦਰਿਆ ਵਿੱਚ ਪਾਇਆ ਕਰੇ।

ਐਸਾ ਸ਼ਹਿਰ ਜੋ ਕੁਝ ਦਿਨ ਪਹਿਲਾਂ ਦਿੱਲੀ ਤੇ ਲਾਹੌਰ ਦੇ ਟਾਕਰੇ ਦਾ ਸੀ, ਹੁਣ ਖੋਲੋ ਹੋ ਗਿਆ। ਇਸ ਤੋਂ ਦੋ ਸਾਲ ਮਗਰੋਂ ਜਦ ਅਹਿਮਦ ਸ਼ਾਹ ਇਸ ਸ਼ਹਿਰ ਵੜਿਆ ਤਾਂ ਹੈਰਾਨ ਸੀ ਕਿ ਸਾਰੇ ਸ਼ਹਿਰ ਵਿੱਚ ਇਕ ਵੀ ਬੰਦਾ ਨਜ਼ਰ ਨਹੀਂ ਆਉਂਦਾ ਸੀ। ਅੱਜ ਤੀਕ ਸਰਹੰਦ ਵੈਰਾਨ ਪਈ ਹੈ। ਇਹ ਇਸ ਗੱਲ ਦਾ ਨਮੂਨਾ ਹੈ ਕਿ ਸਿੰਘਾਂ ਵਿਚ ਦ੍ਰਿੜ੍ਹਤਾ ਕਿਤਨੀ ਕੁ ਹੈ।

ਸਿੰਘਾਂ ਨੂੰ ਸਰਹੰਦ ਦਾ ਲਾਲਚ ਨਹੀਂ ਸੀ। ਸਰਹੰਦ ਮਾਰ ਕੇ ਵੀ ਕਿਸੇ ਸਰਦਾਰ ਨੇ ਸਰਹੰਦ ਨੂੰ ਨਾ ਕਬੂਲਿਆ। ਕਬੂਲਣਾ ਤਾਂ ਕਿਤੇ ਰਿਹਾ ਸਰਹੰਦ ਅੰਦਰ ਰਾਤ ਕੱਟਣੀ ਭੀ ਪਾਪ ਸਮਝਦੇ ਸਨ। ਅੰਤ ਨੂੰ ਸਾਰੇ ਪੰਥ ਨੇ ਗੁਰਮਤਾ ਕਰ ਕੇ ਇਹ ਸ਼ਹਿਰ ਭਾਈ ਬੁੱਢਾ ਸਿੰਘ (ਭਾਈ ਭਗਤੂ ਦੀ ਔਲਾਦ) ਨੂੰ ਅਰਦਾਸਾ ਕਰ ਦਿੱਤਾ।



ਲੋਕੀਂ ਆਖਦੇ ਸਨ ਕਿ ਸਿੰਘਾਂ ਦੀਆਂ ਬਾਵਰਿਆਂ ਵਾਲੀਆਂ ਗੱਲਾਂ ਹਨ, ਪਰ ਸਿੰਘਾਂ ਨੇ ਐਸੀ ਦ੍ਰਿੜ੍ਹਤਾ ਫੜੀ ਕਿ ਹੌਲੀ-ਹੌਲੀ ਸਰਹੰਦ ਨੂੰ ਉਜਾੜ ਕੇ ਹੀ ਛੱਡਿਆ।

ਜਿਸ ਕੌਮ ਵਿੱਚ ਐਸੀ ਦ੍ਰਿੜ੍ਹਤਾ ਹੋਵੇ ਉਹ ਕੌਮ ਜੋ ਵੀ ਸੰਕਲਪ ਧਾਰੇਗੀ, ਉਸ ਨੂੰ ਜ਼ਰੂਰ ਪੂਰਿਆਂ ਕਰ ਲਏਗੀ। ਐਸੀ ਕੌਮ ਦੇ ਕੰਮਾਂ ਵਿੱਚ ਸਤਿਗੁਰੂ ਜੀ ਆਪ ਬਰਕਤ ਪਾਇਆ ਕਰਦੇ ਹਨ।

-0-

# ‘ਦਿੱਲੀ ਚਲੋ, ਚਲੋ ਦਿੱਲੀ’ ਵਾਲੀ ਸਾਡੀ ਪੁਕਾਰ ਜਦੋਂ ਇਨਕਾਰ ਵਿਚ ਬਦਲ ਦਿੱਤੀ ਗਈ!!

**ਕੁਲਵੰਤ ਕੌਰ (ਡਾ) # 98156-20515**

ਦਿੱਲੀ ਸਾਡੇ ਦੇਸ਼ ਦੀ ਰਾਜਧਾਨੀ ਹੈ - 'ਭਾਰਤ ਦਾ ਦਿਲ' ਕਿਹਾ ਜਾਂਦਾ ਹੈ ਇਸ ਨੂੰ ਪਰ ਕਿਹੋ ਜਿਹਾ ਦਿਲ ਹੈ ਇਹ ਜਿਹੜਾ ਪੰਜਾਬ ਦਾ ਨਾਂ ਸੁਣਦਿਆਂ ਹੀ ਧੜਕਣਾ ਬੰਦ ਕਰ ਦਿੰਦਾ ਹੈ। ਸਿਤਮਜ਼ਰੀਫ਼ੀ ਉਤੋਂ ਇਹ ਕਿ ਇਹ ਪੂਰੇ ਦਾ ਪੂਰਾ ਸਾਡੀ ਭਾਵ ਸਿੱਖ-ਸਰਦਾਰਾਂ ਦੀ ਜੱਦੀ ਜ਼ਮੀਨ 'ਤੇ ਵੱਸਿਆ ਹੋਇਆ ਹੈ। ਜਿਹੜੀ ਪਾਰਲੀਮੈਂਟ ਵਿਚ ਬੈਠ ਕੇ ਪੰਜਾਬੀ ਕਿਸਾਨੀ (ਉਂਞ ਸਮੁੱਚੇ ਦੇਸ਼ ਦੀ ਹੀ ਨੂੰ) ਨੂੰ ਬਦਨਾਮ, ਗ਼ਲਤ ਤੇ ਕੁਰਾਹੇ ਪਈ ਗਰਦਾਨਿਆ ਜਾ ਰਿਹਾ ਹੈ, ਉਹ ਸਾਡੇ ਹੀ ਜਾਂਬਾਜ਼ ਪੁਰਖਿਆਂ ਭਾਵ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੇ ਵਡੇਰਿਆਂ ਵਲੋਂ ਵਰੋਸਾਈ, ਹੋਈ ਪੁੰਨ-ਸਥੱਲੀ ਹੈ। ਇਹ ਤੀਸ ਹਜ਼ਾਰੀ ਕੋਰਟਾਂ ਅਤੇ ਮੋਰੀ ਗੇਟ ਸਿੱਖ-ਜੁਝਾਰੂਆਂ ਦੀ ਬੇਮਿਸਾਲ ਸੂਰਬੀਰਤਾ ਦੇ ਨਿਸ਼ਾਨ ਹਨ। ਲਾਲ ਕਿਲੇ 'ਤੇ ਪੁੱਜ ਕੇ, ਔਰੰਗਜ਼ੇਬ ਦੇ ਸ਼ਾਹੀ ਤਖ਼ਤ ਨੂੰ ਉਖਾੜ ਕੇ, ਘੋੜਿਆਂ ਪਿੱਛੇ ਬੰਨ੍ਹ ਕੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੁੰਗਾ ਰਾਮਗੜ੍ਹੀਆ ਤੱਕ ਲੈ ਆਉਣ ਵਾਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਨਿਡਰ ਯੋਧੇ ਗੁਰੂ-ਪਾਤਿਸ਼ਾਹੀਆਂ ਦੀ ਸਿੱਖਿਆ-ਸੇਧ ਤੋਂ ਹੀ ਜਨਮੇ ਸਨ। ਕੇਸਰੀ ਨਿਸ਼ਾਨ ਦੀ ਛੋਹ ਮਾਣ ਚੁੱਕਾ ਇਹ ਲਾਲ ਕਿਲਾ ਵੀ ਉੱਨਾ ਚਿਰ ਹੀ ਇਤਿਹਾਸ ਦਾ ਅੰਗ ਰਹੇਗਾ ਜਿੰਨਾ ਚਿਰ ਸਾਡੇ ਇਹ ਮਰਜੀਵੜੇ ਇਸ ਦੇਸ਼ ਦੇ ਇਤਿਹਾਸ ਵਿਚੋਂ ਸਦਾ ਲਈ ਮਨਫ਼ੀ ਨਹੀਂ ਕਰ ਦਿੱਤੇ ਜਾਂਦੇ (ਜਿਵੇਂ ਹੌਲੀ-ਹੌਲੀ ਸਾਨੂੰ ਸੈਲੂਲਰ ਜੇਲ੍ਹ, ਸਿੱਖ ਰੈਜਮੈਂਟਾਂ ਦੇ ਗਠਨ, 26 ਜਨਵਰੀ ਦੀਆਂ ਪਰੇਡਾਂ ਅਤੇ ਹੋਰ ਅਨੇਕ ਮਰਹਲਿਆਂ 'ਤੇ ਦਰਕਿਨਾਰ ਕੀਤਾ ਜਾ ਰਿਹਾ ਹੈ)

**ਜੇਕਰ ਨੌਵੇਂ ਨਾਨਕ, ਪਿੰਜਰਿਆਂ ਦੀ ਪੀੜਾ ਜਰ ਕੇ ਚਾਂਦਨੀ ਚੌਂਕ 'ਚ ਸੀਸ ਨਾ ਕਟਵਾਉਂਦੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਆਪਣੀ ਲਾਸਾਨੀ ਸ਼ਹਾਦਤ ਨਾਲ ਇਸੇ ਦਿੱਲੀ ਨੂੰ ਆਬਾਦ ਨਾ ਕਰਵਾਉਂਦੇ ਤਾਂ ਅੱਜ ਹਰ ਕੋਨੇ ਵਿਚ 'ਅੱਲਾ ਹੂ ਅਕਬਰ' ਅੱਲਾ ਹੂ ਅਕਬਰ' ਦੀਆਂ ਆਵਾਜ਼ਾਂ ਹੀ ਆਉਂਦੀਆਂ। ਕੀ ਇਸੇ ਦਿੱਲੀ ਲਈ ਮੇਰੇ ਪੁਰਖਿਆਂ ਨੇ ਫਾਂਸੀਆਂ ਚੁੰਮੀਆਂ, ਜੇਲ੍ਹਾਂ ਕੱਟੀਆਂ, ਜਲਾਵਤਨੀਆਂ ਹੰਢਾਈਆਂ, ਕਾਮਾਗਾਟਾ ਮਾਰੂ ਕਾਂਡ ਸਹੇ ਅਤੇ ਸਭ ਕੁਝ ਕੁਰਬਾਨ ਕਰ ਦਿੱਤਾ ਸੀ?**



**ਖਨੌਰੀ ਸਰਹੱਦ 'ਤੇ ਰੋਕੇ ਗਏ ਕਿਸਾਨ-ਇਕੱਠ ਵਿਚ ਮਰਨ ਵਰਤ 'ਤੇ ਬੈਠੇ ਵੀਰ ਡੱਲੇਵਾਲ ਦੀ ਸਿਹਤ ਦੀ ਫ਼ਿਕਰਮੰਦੀ ਦਾ ਵਿਖਾਵਾ ਤਾਂ ਸਰਵਉਚ ਅਦਾਲਤ ਵੀ ਕਰ ਰਹੀ ਹੈ ਪਰ ਉਹ ਕਿਉਂ ਮਰਨ ਵਰਤ 'ਤੇ ਹਨ ਤੇ ਇਸ ਦਾ ਪ੍ਰਵਾਨਤ ਹੱਲ ਕੀ ਹੋ ਸਕਦਾ ਹੈ, ਇਸ ਬਾਰੇ ਗ਼ੌਰ ਕਿਉਂ ਨਹੀਂ ਕਰ ਰਹੇ? ਵਕਤ ਦੀਆਂ ਸਰਕਾਰਾਂ ਐਨੀਆਂ ਬੇਰਹਿਮ ਵੀ ਹੋ ਸਕਦੀਆਂ ਹਨ, ਇਹ ਪੂਰੀ ਦੁਨੀਆਂ, ਦੇਖ ਰਹੀ ਹੈ। ਪੰਜਾਬੀ, ਦੇਸ਼ ਧ੍ਰੋਹੀ, ਵੱਖਵਾਦੀ, ਅਤਿਵਾਦੀ, ਖਾਲਿਸਤਾਨੀ ਅਤੇ ਗੱਦਾਰ ਵੀ ਗਰਦਾਨੇ ਜਾ ਰਹੇ ਹਨ ਪਰ ਇਹ 'ਨਿਸਚੇ ਕਰ ਆਪਨੀ ਜੀਤ ਕਰੂੰ' ਦੀ ਆਸ਼ੀਰਵਾਦ ਹਾਸਿਲ ਕਰ ਚੁੱਕੇ ਹਨ। ਇਸ ਲਈ ਮਿੱਥੇ ਨਿਸ਼ਾਨਿਆਂ ਦੀ ਪ੍ਰਾਪਤੀ ਤੋਂ 'ਬਿਨਾਂ ਪਿਛਾਂਹ ਮੁੜਨ ਵਾਲੇ ਨਹੀਂ' ਕਿਉਂਕਿ 'ਮੌਤ ਨੂੰ ਇਹ ਕਰਨ ਮਖੌਲਾਂ।' ਸਾਡੀ ਪੁਕਾਰ ਨੂੰ ਇਨਕਾਰ ਵਿਚ ਬਦਲਣ ਵਾਲਿਓ! ਵਕਤ ਦੀ ਨਜ਼ਾਕਤ ਸਮਝਣ ਦਾ ਜਤਨ ਕਰੋ, ਇਸੇ ਵਿਚ ਸਭ ਦੀ ਭਲਾਈ ਹੈ।**

ਖ਼ਿਮਾ ਕਰਨਾ, ਸੁਹਿਰਦ ਪਾਠਕੋ ! ਗੱਲ ਤਾਂ ਸ਼ੁਰੂ ਕੀਤੀ ਸੀ ਮੈਂ ਦਿੱਲੀ ਚੱਲੋ (13 ਫਰਵਰੀ) ਦੀ ਪੁਕਾਰ ਤੋਂ ਪਰ ਆਂਤਰਿਕ ਪੀੜਾ ਨੇ ਮੈਨੂੰ ਇਸ ਕਦਰ ਬਿਹਬਲ ਕਰ ਦਿੱਤਾ ਕਿ ਮੇਰੀ ਕਲਮ ਪਿਛਲੀਆਂ ਸੁਹਾਵਣੀਆਂ ਯਾਦਾਂ ਦੀ ਪਰਿਕਰਮਾ ਵਿਚ ਹੀ ਗਵਾਚ ਗਈ। ਮੁੱਦੇ 'ਤੇ ਆਵਾਂ ਤਾਂ ਇਹ ਕਰੂਰ ਸੱਚ ਹੈ ਕਿ ਨਵੰਬਰ 2021 ਨੂੰ, ਸਰਕਾਰ ਵਲੋਂ ਬਣਾਏ ਤਿੰਨ ਖੇਤੀ ਸੰਬੰਧੀ ਕਾਨੂੰਨਾਂ ਦੀ ਬਰਖ਼ਾਸਤਗੀ ਲਈ ਆਰੰਭੇ ਲੰਮੇ ਕਿਸਾਨ ਅੰਦੋਲਨ ਨੂੰ ਕੁਝ ਬੂਰ ਪੈਂਦਾ ਜਾਪਿਆ ਸੀ ਪਰ ਉਹ ਤਾਂ ਅੰਦੋਲਨਕਾਰੀਆਂ ਦਾ ਵਹਿਮ ਹੀ ਨਿਕਲਿਆ ਕਿਉਂਕਿ ਜਿਹੜੀਆਂ ਮੰਗਾਂ ਤੇ ਕਿਸਾਨੀ ਮੁੱਦਿਆਂ ਖ਼ਾਤਿਰ ਇਹ ਵਿੱਢਿਆ ਗਿਆ ਸੀ ਉਹ ਸਰਕਾਰੀ ਵਾਅਦੇ ਤੇ ਦਾਅਵੇ ਦੇ ਬਾਵਜੂਦ, ਅੱਜ ਵੀ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਤਿੰਨ ਸਾਲ ਉਡੀਕਦਿਆਂ ਗੁਜ਼ਰ ਗਏ, ਚੋਰ ਮੋਰੀਆਂ ਰਾਹੀਂ, ਬਹੁਤ ਕੁਝ ਕਿਸਾਨ-ਵਿਰੋਧੀ ਹੋਣ ਲੱਗ ਪਿਆ ਹੈ। ਅਜਿਹੇ ਆਲਮ ਵਿਚ, ਦੇਸ਼ ਦੀ ਕਿਸਾਨੀ ਨੂੰ ਸੇਧ, ਅਗਵਾਈ ਅਤੇ ਤਰੱਕੀ ਦੇਣ ਤੇ ਦਿਵਾਉਣ ਵਾਲੇ ਪੰਜਾਬੀ ਕਿਸਾਨ ਤੇ ਮਜ਼ਦੂਰ ਆਗੂ ਮੁੜ ਤੋਂ ਸਰਗਰਮ ਹੋ ਗਏ ਤੇ 13 ਫਰਵਰੀ ਤੋਂ ਮੁੜ 'ਦਿੱਲੀ ਚੱਲੋ, ਚਲੋ ਦਿੱਲੀ' ਨੂੰ ਪੁਕਾਰ ਕਰ ਦਿੱਤੀ-ਮਾਵਾਂ, ਭੈਣਾਂ, ਬੱਚੇ, ਬਜ਼ੁਰਗ, ਗੱਭਰੂ, ਕਿਸਾਨ, ਮਜ਼ਦੂਰ ਸਭ ਦੇ ਸਭ ਤੁਰ ਗਏ ਦਿੱਲੀ ਵਲ ਨੂੰ ਪਰ, ਦਿੱਲੀ ਦੂਰ ਕਰ ਦਿੱਤੀ ਸਾਡੇ ਹਾਕਮਾਂ ਨੇ, ਗਵਾਂਢੀਆਂ ਨੇ ਤੇ ਸਾਡੇ ਦੁਸ਼ਮਣਾਂ ਨੇ। ਜਿਵੇਂ ਪਿਛਲੇ ਅੰਦੋਲਨ ਵੇਲੇ ਲਾਗਲੇ ਸੂਬੇ ਨੇ ਅਣਹੋਣੀਆਂ ਕੀਤੀਆਂ ਸਨ ਪੰਜਾਬੀ ਕਿਸਾਨਾਂ ਨਾਲ, ਇਸ ਵਾਰ ਦਾ ਮੰਜ਼ਿਰ ਹੋਰ ਵੀ ਭਿਅੰਕਰ, ਤ੍ਰਾਹੁਣਾ ਅਤੇ ਬਦਤਰ ਹੋ ਨਿਬੜਿਆ - ਪਿਛਲੀ ਵਾਰ, ਸਭ ਰੋਕਾਂ ਰੁਕਾਵਟਾਂ ਦੂਰ ਕਰਕੇ ਅਸੀਂ ਸਿੰਘੂ ਸਰਹੱਦ ਤੱਕ ਜਾ ਡੇਰੇ ਲਾਉਣ ਵਿਚ ਕਾਮਯਾਬ ਹੋ ਗਏ ਸਾਂ ਪਰ ਇਸ ਵਾਰ

ਤਾਂ ਸਾਨੂੰ ਸੰਭੂ ਤੇ ਖਨੌਰੀ ਵੀ ਟੱਪਣਾ ਨਸੀਬ ਨਹੀਂ ਹੋ ਸਕਿਆ – ਇਸ ਕਦਰ ਦੀ ਸਰਹੱਦਬੰਦੀ ਕੀਤੀ ਪੁਲੀਸ, ਨੀਮ ਫ਼ੌਜੀ ਬਲਾਂ ਤੇ ਸਰਕਾਰੀ ਤੰਤਰ ਨੇ ਕਿ ਲੱਖ ਯਤਨਾਂ ਦੇ ਬਾਵਜੂਦ, ਸਾਡੇ ਹੌਸਲੇ ਪਸਤ ਕਰਨ ਵਿਚ ਕਾਮਯਾਬ ਹੋ ਗਏ ਗਵਾਂਢੀ (ਜੋ ਕਦੇ ਇਸ ਪੰਜਾਬ ਦਾ ਹੀ ਅੰਗ ਹੋਇਆ ਕਰਦੇ ਸਨ) ਹਰ ਉਹ ਰੋਕ, ਰੁਕਾਵਟ ਤੇ ਅੜਿਚਨ ਸਾਡੇ ਰਾਹਾਂ ਵਿਚ ਵਿਛਾਈ ਗਈ ਜੋ ਕਿਸੇ ਬੇਗਾਨੇ ਤੇ ਬਾਹਰਲੇ ਦੁਸ਼ਮਣ ਨੂੰ ਧਿਆਨ ਗੋਚਰ ਰੱਖਦਿਆਂ ਕੀਤੀ ਜਾਂਦੀ ਹੈ। ਗੋਲੀਆਂ ਚਲਾਈਆਂ ਗਈਆਂ, ਪਾਣੀ–ਤੋਪਾਂ, ਹੰਝੂ ਗੈਸ, ਨੌਜਵਾਨਾਂ ਦੇ ਉਧਾਲੇ, ਸ਼ੁਭਕਰਨ ਦਾ ਕਤਲ ਤੇ ਹੋਰ ਕੀ ਕੁਝ ਨਹੀਂ! ਕੀ ਪੰਜਾਬ ਲਈ ਦਿੱਲੀ ਦੂਰ, ਬਹੁਤ ਦੂਰ ਨਹੀਂ ਕਰ ਦਿੱਤੀ ਗਈ? ਕੀ ਸਾਡੇ ਵਿਚ ਬੇਗਾਨਗੀ ਦਾ ਅਹਿਸਾਸ ਹੋਰ ਡੂੰਘਾ ਨਹੀਂ ਕਰ ਦਿੱਤਾ ਗਿਆ? ਕੀ ਇਹ ਵਧੀਕੀਆਂ ਕਰ ਰਹੇ ਹਾਕਮ ਅੱਜ ਬਿਲਕੁਲ ਭੁੱਲ ਗਏ ਹਨ ਸਾਡੀ ਦੇਣ ਨੂੰ?







ਜੇਕਰ ਨੌਵੇਂ ਨਾਨਕ, ਪਿੰਜਰਿਆਂ ਦੀ ਪੀੜਾ ਜਰ ਕੇ ਚਾਂਦਨੀ ਚੌਂਕ 'ਚ ਸੀਸ ਨਾ ਕਟਵਾਉਂਦੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਆਪਣੀ ਲਾਸਾਨੀ ਸ਼ਹਾਦਤ ਨਾਲ ਇਸੇ ਦਿੱਲੀ ਨੂੰ ਆਬਾਦ ਨਾ ਕਰਵਾਉਂਦੇ ਤਾਂ ਅੱਜ ਹਰ ਕੋਨੇ ਵਿਚ 'ਅੱਲਾ ਹੂ ਅਕਬਰ' ਅੱਲਾ ਹੂ ਅਕਬਰ' ਦੀਆਂ ਆਵਾਜ਼ਾਂ ਹੀ ਆਉਂਦੀਆਂ। ਕੀ ਇਸੇ ਦਿੱਲੀ ਲਈ ਮੇਰੇ ਪੁਰਖਿਆਂ ਨੇ ਫਾਂਸੀਆਂ ਚੁੰਮੀਆਂ, ਜੇਲ੍ਹਾਂ ਕੱਟੀਆਂ, ਜਲਾਵਤਨੀਆਂ ਹੰਢਾਈਆਂ, ਕਾਮਾਗਾਟਾ ਮਾਰੂ ਕਾਂਡ ਸਹੇ ਅਤੇ ਸਭ ਕੁਝ ਕੁਰਬਾਨ ਕਰ ਦਿੱਤਾ ਸੀ? ਅੰਗਰੇਜ਼ ਸ਼ਾਸਕਾਂ ਦੀਆਂ ਗੋਡਣੀਆਂ ਲੁਆ ਦੇਣ ਵਾਲੇ, ਅੱਜ ਆਪਣੇ ਹੀ ਹਾਕਮਾਂ ਦੇ ਸਿਤਮਾਂ ਤੋਂ ਦੁਖੀ ਹਨ। ਬੇਰੁਜ਼ਗਾਰੀ, ਨਸ਼ੇ, ਮਹਿੰਗਾਈ, ਲਾਕਾਨੂੰਨੀ ਅਤੇ ਫ਼ਿਰਕੂਵਾਦ ਭਾਵੇਂ ਹਰ ਸ਼ਹਿਰੀ ਦੇ ਸਰੋਕਾਰ ਹਨ ਪਰ ਦੇਸ਼ ਦੀ ਰੀੜ੍ਹ ਦੀ ਹੱਡੀ-ਕਿਸਾਨੀ 'ਤੇ ਅੱਜ ਸਭ ਤੋਂ ਵੱਡਾ ਮਾਰੂ ਵਾਰ ਹੋ ਰਿਹਾ ਹੈ। ਉਹਦੀ ਆਪਣੀ ਜ਼ਮੀਨ ਹੀ ਕਿਸਾਨ ਨੂੰ ਨਿਗ਼ਲਣ ਲੱਗ ਪਈ ਹੈ। ਖੇਤੀ–ਕਰਜ਼ਿਆਂ ਨੇ ਉਸ ਨੂੰ ਹੱਤਾਸ਼ ਕਰ ਦਿੱਤਾ। ਸਮਰਥਨ–ਮੁੱਲਾਂ ਦਾ ਨਿਗੂਣਾ ਵਾਧਾ, ਕਿਸਾਨ ਦੇ ਪਰਿਵਾਰ ਦਾ ਢਿੱਡ ਨਹੀਂ ਭਰ ਰਿਹਾ। ਅਫ਼ਸਰਸ਼ਾਹੀ, ਮੁਲਾਜ਼ਮ ਤੇ ਮੰਤਰੀ ਸੰਤਰੀ ਵਾਰ–ਵਾਰ ਤਨਖ਼ਾਹਾਂ ਤੇ ਭੱਤਿਆਂ ਵਿਚ ਚੋਖਾ ਵਾਧਾ ਪ੍ਰਾਪਤ ਕਰਦੇ ਹਨ ਪਰ ਵਿਚਾਰਾ ਕਿਸਾਨ? ਆਪਣੇ ਹੀ ਹੰਝੂ ਪੀਣ ਲਈ ਬੇਬਸ। ਉਪਰੋਂ, ਅੱਜ ਕੱਲ ਹੱਥੀਂ ਕਿਰਤ ਕਰਨ ਦੀ ਘਾਟ ਨੇ ਤਾਂ ਗੁੜ ਗੋਬਰ ਇਕ ਹੀ ਕਰ ਛੱਡਿਆ ਹੈ। ਪਰਿਵਾਰਾਂ ਦੀ ਥਾਂ ਭੱਈਆ–ਸਭਿਆਚਾਰ ਪ੍ਰਫੁਲਿੱਤ ਹੋ ਜਾਣ ਕਰਕੇ, ਹੁਣ ਕਿਸਾਨ ਦੀ ਆਰਥਿਕਤਾ 'ਤੇ ਬਹੁਤ ਮਾਰੂ ਸੱਟ ਆਣ ਵੱਜੀ ਹੈ, ਇਸੇ ਕਰਕੇ ਜਿਸ ਮੰਦੜੇ ਹਾਲਾਤ ਨਾਲ ਇਸ ਵਕਤ ਕਿਸਾਨ ਜੂਝ ਰਿਹਾ ਹੈ, ਉਸ ਦਾ ਤਸੱਵਰ ਕਰ ਸਕਣਾ ਵੀ ਏਅਰ ਕੰਡੀਸ਼ਨਰਾਂ ਵਿਚ ਬੈਠੇ ਬਾਬੂਆਂ ਲਈ ਅਸੰਭਵ ਹੈ।

ਦਸ ਗੁਰੂ ਪਾਤਿਸ਼ਾਹੀਆਂ ਦੀ ਬ੍ਰਹਿਮੰਡੀ ਸਿੱਖਿਆ ਨਾਲ ਸਰਸ਼ਾਰਿਆਂ, ਪੋਟਾ–ਪੋਟਾ ਇਲਾਹੀ ਦਾਤਾਂ ਨਾਲ ਸੰਵਾਰਿਆ ਅਤੇ ਅਸੀਮ ਕੁਦਰਤੀ ਨਿਆਮਤਾਂ ਨਾਲ ਸ਼ਿੰਗਾਰਿਆ ਸਾਡਾ ਪੰਜਾਬ ਭਾਵੇਂ ਏਸ਼ੀਆ ਦੇ ਮਹਾਨ ਸ਼ਾਇਰ ਤੇ ਲੇਖਕ ਸ੍ਰੀ ਰਬਿੰਦਰ ਨਾਥ ਟੈਗੋਰ ਦਾ ਦਿਲਦਾਦਾ ਸੀ, ਪ੍ਰੋ. ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ ਤੇ ਫੀਰੋਜ਼ਦੀਨ ਸ਼ਰਫ਼ ਲਈ ਦੈਵੀ, ਅਲੌਕਿਕ ਅਤੇ ਬੇਇੰਤਹਾ ਖਿੱਚ ਦਾ ਸਬੱਬ ਪਰ ਰਾਜਨੀਤਕ ਲੋਕਾਂ, ਸਮਕਾਲੀ ਹਾਕਮਾਂ ਤੇ ਫ਼ਿਰਕਾਪ੍ਰਸਤ ਨੇਤਾਵਾਂ ਨੂੰ ਇਸ ਦਾ ਜੁਝਾਰੂਪਨ, ਅਗਾਂਹਵਧੂਪਨ ਅਤੇ ਨਿਡਰਤਾ ਕਦੇ ਨਹੀਂ ਭਾਈ–ਬਾਬਰ ਤੋਂ ਅਜੋਕੇ ਸਮਿਆਂ ਤੱਕ ਪਰ ਪੰਜਾਬੀਅਤ ਦੀ ਇਹੋ ਪਹਿਚਾਣ ਹੀ ਅੱਜ ਸਮੁੱਚੇ ਸੰਸਾਰ ਵਿਚ ਚਰਚਿਤ ਹੈ, ਪ੍ਰਵਾਨੀ ਗਈ ਹੈ ਤੇ ਸਲਾਹੀ ਵੀ ਜਿਸ ਦੇ ਅਮਿੱਟ ਹਸਤਾਖ਼ਰ ਰਹੇ ਹਨ, ਬਹਾਦਰ ਬੰਦੇ, ਮਿਸਲ ਸਰਦਾਰ, ਮਹਾਰਾਜਾ ਰਣਜੀਤ ਸਿੰਘ, ਸ੍ਰ. ਨਲੂਆ, ਅਕਾਲੀ ਫੂਲਾ ਸਿੰਘ, ਸ਼ਹੀਦ ਭਗਤ ਸਿੰਘ, ਸ੍ਰ. ਅਜੀਤ ਸਿੰਘ, ਸ੍ਰ. ਊਧਮ ਸਿੰਘ, ਸ੍ਰ. ਕਰਤਾਰ ਸਿੰਘ ਸਰਾਭਾ, ਸ੍ਰ. ਸੋਹਨ ਸਿੰਘ ਭਕਨਾ ਅਤੇ ਅਣਗਿਣਤ ਹੋਰ ਮਰਜੀਵੜੇ। ਇਸ ਦੇਸ਼ ਦੀ ਤਸਵੀਰ ਤੇ ਤਕਦੀਰ ਬਦਲਣ ਵਿਚ ਪੰਜਾਬ ਦਾ ਯੋਗਦਾਨ ਸਭ ਤੋਂ ਵੱਧ, ਮਿਸਾਲੀ, ਅਮਰ ਤੇ ਅਮਿੱਟ ਹੈ ਭਾਵੇਂ ਜ਼ਮਾਨਾ ਇਸ ਨੂੰ ਮਿਟਾਉਣ ਦੇ ਲੱਖ ਜਤਨ ਕਿਉਂ ਨਾ ਕਰ ਲਵੇ।

ਸ਼ੰਭੂ ਤੇ ਖਨੌਰੀ ਸਰਹੱਦਾਂ ਤੋਂ ਰੋਕੇ ਗਏ ਸਾਡੇ ਲੱਖਾਂ ਕਿਸਾਨ ਵੀਰ, ਬੀਬੀਆਂ, ਬਜ਼ੁਰਗ, ਬੱਚੇ, ਗੱਭਰੂ ਕਿਸੇ ਉਮੀਦ ਵਿਚ ਬੇਸ਼ੁਮਾਰ ਸਿਤਮ ਸਹਿ ਰਹੇ ਹਨ। ਦੁਨੀਆਂ ਹੈਰਾਨ ਹੈ ਕਿ ਇਨ੍ਹਾਂ ਨੂੰ ਪੈਦਲ ਚੱਲ ਕੇ ਵੀ ਦਿੱਲੀ ਨਹੀਂ ਜਾਣ ਦਿੱਤਾ ਜਾ ਰਿਹਾ। ਸਰਕਾਰ ਗੌਲੇ ਨਾ, ਦੁੱਖ ਫਰੋਲੇ ਨਾ, ਲੰਘਣ ਦੇਵੇ ਨਾ, ਬੈਠਣ ਦੇਵੇ ਨਾ, ਆਖ਼ਰ ਆਪਣੀ ਵੇਦਨਾ ਦੱਸਣ ਕਿਸ ਨੂੰ? ਪੋਚਾ ਪੋਚੀ, ਲਾਰੇ ਲੱਪੇ, ਵਾਅਦੇ ਦਾਅਵੇ ਕਿੰਨਾ ਕੁ ਚਿਰ? ਸਿਆਸੀ ਧਰਾਤਲ ਤਲਾਸ਼ ਰਹੀਆਂ ਪਾਰਟੀਆਂ ਕਿਉਂ ਇੱਥੋਂ ਦੀ ਜ਼ਮੀਨੀ ਹਕੀਕਤ ਨਹੀਂ ਜਾਣਨਾ ਚਾਹੁੰਦੀਆਂ? ਸਾਰੀ ਦੁਨੀਆਂ ਦੇ ਝਗੜੇ-ਝੇੜੇ ਨਿਬੇੜਣ ਦੀਆਂ ਵਿਚੋਲਗਿਰੀਆਂ ਕਰਨ ਦਾ ਦੰਭ ਕਰਨ ਵਾਲੇ ਦੇਸ਼ ਦੀ ਰੀੜ੍ਹ ਦੀ ਹੱਡੀ ਦੇ ਟੁੱਟਣ ਦਾ ਇਲਾਜ ਕਿਉਂ ਨਹੀਂ ਕਰਨਾ ਚਾਹੁੰਦੇ? ਅਸੀਂ ਤਬਾਹ ਹੋ ਚੁੱਕੇ ਹਾਂ ਭਾਵੇਂ ਬਾਹਰਲੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਹਾਂ ਜਾਂ ਦੇਸ਼ ਭਰ ਦਾ ਢਿੱਡ ਭਰ ਰਹੇ ਹਾਂ।

ਖਨੌਰੀ ਸਰਹੱਦ 'ਤੇ ਰੋਕੇ ਗਏ ਕਿਸਾਨ–ਇਕੱਠ ਵਿਚ ਮਰਨ ਵਰਤ 'ਤੇ ਬੈਠੇ ਵੀਰ ਡੱਲੇਵਾਲ ਦੀ ਸਿਹਤ ਦੀ ਫ਼ਿਕਰਮੰਦੀ ਦਾ ਵਿਖਾਵਾ ਤਾਂ ਸਰਵਉਚ ਅਦਾਲਤ ਵੀ ਕਰ ਰਹੀ ਹੈ ਪਰ ਉਹ ਕਿਉਂ ਮਰਨ ਵਰਤ 'ਤੇ ਹਨ ਤੇ ਇਸ ਦਾ ਪ੍ਰਵਾਨਤ ਹੱਲ ਕੀ ਹੋ ਸਕਦਾ ਹੈ, ਇਸ ਬਾਰੇ ਗ਼ੌਰ ਕਿਉਂ ਨਹੀਂ ਕਰ ਰਹੇ? ਵਕਤ ਦੀਆਂ ਸਰਕਾਰਾਂ ਐਨੀਆਂ ਬੇਰਹਿਮ ਵੀ ਹੋ ਸਕਦੀਆਂ ਹਨ, ਇਹ ਪੂਰੀ ਦੁਨੀਆਂ, ਦੇਖ ਰਹੀ ਹੈ। ਪੰਜਾਬੀ, ਦੇਸ਼ ਧ੍ਰੋਹੀ, ਵੱਖਵਾਦੀ, ਅਤਿਵਾਦੀ, ਖਾਲਿਸਤਾਨੀ ਅਤੇ ਗੱਦਾਰ ਵੀ ਗਰਦਾਨੇ ਜਾ ਰਹੇ ਹਨ ਪਰ ਇਹ 'ਨਿਸਚੇ ਕਰ ਆਪਣੀ ਜੀਤ ਕਰੂੰ' ਦੀ ਆਸ਼ੀਰਵਾਦ ਹਾਸਿਲ ਕਰ ਚੁੱਕੇ ਹਨ। ਇਸ ਲਈ ਮਿੱਥੇ ਨਿਸ਼ਾਨਿਆਂ ਦੀ ਪ੍ਰਾਪਤੀ ਤੋਂ 'ਬਿਨਾਂ ਪਿਛਾਂਹ ਮੁੜਨ ਵਾਲੇ ਨਹੀਂ' ਕਿਉਂਕਿ 'ਮੌਤ ਨੂੰ ਇਹ ਕਰਨ ਮਖੌਲਾਂ।' ਸਾਡੀ ਪੁਕਾਰ ਨੂੰ ਇਨਕਾਰ ਵਿਚ ਬਦਲਣ ਵਾਲਿਓ! ਵਕਤ ਦੀ ਨਜ਼ਾਕਤ ਸਮਝਣ ਦਾ ਜਤਨ ਕਰੋ, ਇਸੇ ਵਿਚ ਸਭ ਦੀ ਭਲਾਈ ਹੈ।

–0–

# ਜਦੋਂ ਸਮਝ ਅੱਖਾਂ ਦੇ ਮਾਹਰ ਡਾਕਟਰ 'ਤੇ ਭਾਰੂ ਪਈ!!


-ਅਜੀਤ ਸਿੰਘ ਕਮਲ
94173-76895




ਹਸਪਤਾਲ ਵਾਲਿਆਂ ਨੇ ਮਰੀਜ਼ ਨੂੰ ਦਾਖ਼ਲ ਕਰ ਲਿਆ। ਇੰਨੇ ਨੂੰ ਇਕ ਐਮਰਜੈਂਸੀ ਕੇਸ ਆ ਗਿਆ ਜਿਸ ਦੀ ਹਾਲਤ ਉਸ ਪਹਿਲੇ ਮਰੀਜ਼ ਤੋਂ ਵੀ ਮਾੜੀ ਸੀ। ਹਸਪਤਾਲ ਦੇ ਇਕ ਡਾਕਟਰ ਨੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦਾ ਆਪ੍ਰੇਸ਼ਨ ਕੱਲ ਕਰਾਂਗੇ।

ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰ ਭਾਵੇਂ ਆਪਣੇ ਕਿੱਤੇ ਵਿਚ ਮਾਹਰ ਹਨ ਪਰ ਉਹ ਹਸਪਤਾਲ ਜਾਂ ਆਪਣੇ ਕਲੀਨਿਕ ਵਿਚ ਆਏ ਮਰੀਜ਼ ਨੂੰ ਐਂਵੇਂ ਨਹੀਂ ਜਾਣ ਦਿੰਦੇ। ਜੇਕਰ ਮਰੀਜ਼ ਉਨ੍ਹਾਂ ਤੋਂ ਇਲਾਜ ਨਹੀਂ ਕਰਵਾਉਣਾ ਚਾਹੁੰਦਾ ਤਾਂ ਉਹ ਉਸ ਨੂੰ ਅੰਮ੍ਰਿਤਸਰ ਦੇ ਕਿਸੇ ਜਾਣਕਾਰ ਹਸਪਤਾਲ ਵਿਚ ਜਾਣ ਦੀ ਸਿਫ਼ਾਰਸ਼ ਕਰਦੇ ਹਨ ਜਿੱਥੋਂ ਉਨ੍ਹਾਂ ਨੂੰ ਕਮਿਸ਼ਨ ਮਿਲਦੀ ਹੋਵੇ। ਮੇਰੇ ਦਫ਼ਤਰ ਦੇ ਇਕ ਬਲਾਕ ਪੱਧਰੀ ਪ੍ਰਸਾਰ ਅਫ਼ਸਰ (ਉਦਯੋਗ) ਦਾ ਭਰਾ ਗਰਮੀ ਦੇ ਮੌਸਮ ਵਿਚ ਜਦੋਂ ਟਰੈਕਟਰ ਨਾਲ ਆਪਣੇ ਖੇਤ ਵਾਹ ਕੇ ਘਰ ਆਇਆ ਤਾਂ ਉਸ ਦਾ ਸਰੀਰ ਮੁੜਕੋ-ਮੁੜਕੀ ਹੋਇਆ ਪਿਆ ਸੀ। ਉਹ ਇਕਦਮ ਆਪਣੇ ਕੱਪੜੇ ਉਤਾਰ ਕੇ ਬਾਥਰੂਮ ਵਿਚ ਚਲਾ ਗਿਆ ਅਤੇ ਉਸ ਨੇ ਸਭ ਤੋਂ ਪਹਿਲਾਂ ਆਪਣੇ ਸਿਰ 'ਤੇ ਟੂਟੀ ਰਾਹੀਂ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਸਿਆਣੇ ਆਖਦੇ ਹਨ ਕਿ ਨਹਾਉਣ ਸਮੇਂ ਪਹਿਲਾਂ ਆਪਣੇ ਪੈਰਾਂ 'ਤੇ ਪਾਣੀ ਪਾਓ, ਫਿਰ ਸਰੀਰ ਦੇ ਬਾਕੀ ਹਿੱਸਿਆਂ 'ਤੇ। ਇਸ ਨਾਲ ਸਰੀਰ ਨੂੰ ਨੁਕਸਾਨ ਨਹੀਂ ਪੁੱਜਦਾ।

ਉਕਤ ਅਫ਼ਸਰ ਦੇ ਭਰਾ ਨੇ ਜਦ ਸਿਰ 'ਤੇ ਪਾਣੀ ਪਾਇਆ ਤਾਂ ਉਸ ਨੂੰ ਬਰੇਨ ਹੈਮਰਿਜ ਹੋ ਗਈ। ਉਨ੍ਹਾਂ ਨੇ ਤੁਰੰਤ ਪਿੰਡ ਦੇ ਇਕ ਵਿਅਕਤੀ ਦੀ ਵੈਨ ਮੰਗਵਾਈ ਜਿਸ 'ਤੇ ਉਹ ਉਸ ਨੂੰ ਬਟਾਲੇ ਆਪਣੇ ਜਾਣਕਾਰ ਡਾਕਟਰ ਕੋਲ ਲੈ ਆਏ। ਡਾਕਟਰ ਛੋਟੀ-ਮੋਟੀ ਬਿਮਾਰੀ ਦਾ ਇਲਾਜ ਤਾਂ ਕਰ ਸਕਦਾ ਸੀ ਪਰ ਇਸ ਮਰੀਜ਼ ਦੀ ਬਿਮਾਰੀ ਦਾ ਇਲਾਜ ਕਰਨ ਦਾ ਉਸ ਨੂੰ ਹੌਸਲਾ ਨਾ ਪਿਆ ਤਾਂ ਉਸ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਇਕ ਨਾਮੀ ਹਸਪਤਾਲ ਵਿਚ ਮਰੀਜ਼ ਨੂੰ ਲਿਜਾਣ ਦੀ ਸਲਾਹ ਦਿੱਤੀ। ਮਰਦਾ ਕੀ ਨਾ ਕਰਦਾ। ਲਿਹਾਜ਼ਾ ਉਹ ਮਰੀਜ਼ ਨੂੰ ਅੰਮ੍ਰਿਤਸਰ ਦੇ ਉਸ ਹਸਪਤਾਲ ਵਿਚ ਲੈ ਗਏ ਜਿਸ ਦੀ ਬਟਾਲੇ ਦੇ ਡਾਕਟਰ ਨੇ ਸਿਫ਼ਾਰਸ਼ ਕੀਤੀ ਸੀ।




ਜਦ ਉਹ ਮਰੀਜ਼ ਨੂੰ ਲੈ ਕੇ ਹਸਪਤਾਲ ਪੁੱਜੇ ਤਾਂ ਹਸਪਤਾਲ ਵਾਲਿਆਂ ਨੇ ਉਨ੍ਹਾਂ ਨੂੰ ਐਡਵਾਂਸ ਵਿਚ ਇਕ ਲੱਖ ਰੁਪਏ ਜਮ੍ਹਾ ਕਰਵਾਉਣ ਲਈ ਕਿਹਾ। ਉਨ੍ਹਾਂ ਨੇ ਦੱਸੀ ਰਕਮ ਜਮ੍ਹਾ ਕਰਵਾ ਦਿੱਤੀ। ਹਸਪਤਾਲ ਵਾਲਿਆਂ ਨੇ ਮਰੀਜ਼ ਨੂੰ ਦਾਖ਼ਲ ਕਰ ਲਿਆ। ਇੰਨੇ ਨੂੰ ਇਕ ਐਮਰਜੈਂਸੀ ਕੇਸ ਆ ਗਿਆ ਜਿਸ ਦੀ ਹਾਲਤ ਉਸ ਪਹਿਲੇ ਮਰੀਜ਼ ਤੋਂ ਵੀ ਮਾੜੀ ਸੀ। ਹਸਪਤਾਲ ਦੇ ਇਕ ਡਾਕਟਰ ਨੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦਾ ਆਪ੍ਰੇਸ਼ਨ ਕੱਲ ਕਰਾਂਗੇ। ਹੁਣ ਪਹਿਲਾਂ ਨਵੇਂ ਮਰੀਜ਼ ਦਾ ਆਪ੍ਰੇਸ਼ਨ ਕਰਨਾ ਪੈਣਾ ਹੈ। ਡਾਕਟਰ ਤੇ ਹਸਪਤਾਲ ਦਾ ਹੋਰ ਸਬੰਧਤ ਅਮਲਾ ਨਵੇਂ ਮਰੀਜ਼ ਦੇ ਆਪ੍ਰੇਸ਼ਨ ਦੀ ਤਿਆਰੀ ਵਿਚ ਰੁੱਝ ਗਿਆ। ਏਨੇ ਨੂੰ ਮੇਰੇ ਦਫ਼ਤਰ ਦੇ ਅਫ਼ਸਰ ਦਾ ਕੋਈ ਜਾਣਕਾਰ ਮਿਲ ਪਿਆ। ਉਸ ਨੂੰ ਜਦ ਮਰੀਜ਼ ਬਾਰੇ ਦੱਸਿਆ ਗਿਆ ਤਾਂ ਉਸ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਸ਼ਹਿਰ ਵਿਚ ਉਸ ਦਾ ਇਕ ਹੋਰ ਡਾਕਟਰ ਵਾਕਿਫ ਹੈ, ਉਸ ਤੋਂ ਇਲਾਜ ਕਰਵਾਉਂਦੇ ਹਾਂ। ਉਥੇ ਖ਼ਰਚਾ ਵੀ ਘੱਟ ਆਵੇਗਾ। ਉਸ ਦੀ ਗੱਲ ਮੰਨ ਕੇ ਅਫ਼ਸਰ ਨੇ ਹਸਪਤਾਲ ਵਾਲਿਆਂ ਨੂੰ ਆਖਿਆ ਕਿ ਉਨ੍ਹਾਂ ਨੇ ਇੱਥੋਂ ਇਲਾਜ ਨਹੀਂ ਕਰਵਾਉਣਾ। ਇਸ ਲਈ ਸਾਡਾ ਐਡਵਾਂਸ ਮੋੜ ਦਿਉ। ਹਸਪਤਾਲ ਵਾਲਿਆਂ ਨੇ ਉਨ੍ਹਾਂ ਨੂੰ ਪੰਜਾਹ ਹਜ਼ਾਰ ਰੁਪਏ ਮੋੜੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਤਾਂ ਇਕ ਲੱਖ ਰੁਪਏ ਜਮ੍ਹਾ ਕਰਵਾਏ ਸਨ। ਹਸਪਤਾਲ ਵਾਲਿਆਂ ਨੇ ਕਿਹਾ ਕਿ ਅੱਧੇ ਪੈਸੇ ਅਸੀਂ ਉਸ ਡਾਕਟਰ ਨੂੰ ਵੈਨ ਵਾਲੇ ਰਾਹੀਂ ਭੇਜ ਦਿੱਤੇ ਸਨ ਜਿਸ ਨੇ ਉਨ੍ਹਾਂ ਨੂੰ ਸਾਡੇ ਹਸਪਤਾਲ ਆਉਣ ਲਈ ਕਿਹਾ ਸੀ। ਉਹ ਇਹ ਸੁਣ ਕੇ ਹੱਕੇ-ਬੱਕੇ ਰਹਿ ਗਏ। ਲਿਹਾਜ਼ਾ ਕੋਈ ਹੋਰ ਵੈਨ ਕਰ ਕੇ ਉਹ ਆਪਣੇ ਮਰੀਜ਼ ਨੂੰ ਉਸ ਜਾਣਕਾਰ ਦੇ ਦੱਸੇ ਹੋਏ ਡਾਕਟਰ ਕੋਲ ਲੈ ਗਏ ਜਿੱਥੋਂ ਉਨ੍ਹਾਂ ਦੇ ਭਰਾ ਦਾ ਇਲਾਜ ਹੋ ਗਿਆ। ਘਰ ਆ ਕੇ ਉਹ ਆਪਣੇ ਪਿੰਡ ਦੇ ਵੈਨ ਵਾਲੇ ਨੂੰ ਨਾਲ ਲੈ ਕੇ ਬਟਾਲੇ ਦੇ ਉਸ ਡਾਕਟਰ ਕੋਲ ਗਏ ਜਿਸ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਜਾਣ ਲਈ ਕਿਹਾ ਸੀ।

ਬੜੀ ਬਹਿਸ ਪਿੱਛੋਂ ਉਸ ਡਾਕਟਰ ਨੇ ਉਨ੍ਹਾਂ ਨੂੰ ਪੈਸੇ ਮੋੜੇ। ਹੁਣ ਉਸ ਮਾਹਰ ਡਾਕਟਰ ਵੱਲ ਆਉਂਦੇ ਹਾਂ ਜਿਸ 'ਤੇ ਆਰਐੱਮਪੀ ਡਾਕਟਰ ਦੀ ਸਮਝ ਭਾਰੂ ਪਈ। ਹੋਇਆ ਇਹ ਕਿ ਇਕ ਦਿਨ ਘਰ ਸੁੱਤਿਆਂ ਪਏ ਮੇਰੇ ਬੇਟੇ ਦੀ ਅਰਕ ਮੇਰੀ ਸੱਜੀ ਅੱਖ ਦੇ ਹੇਠਾਂ ਵੱਜ ਗਈ ਤੇ ਅੱਖ ਸੁੱਜ ਗਈ। ਜਦ ਦਫ਼ਤਰ ਗਿਆ ਤਾਂ ਮੇਰੇ ਅਫ਼ਸਰ ਨੇ ਕਿਹਾ ਕਿ ਉਸ ਦਾ ਇਕ ਅੱਖਾਂ ਦਾ ਮਾਹਰ ਡਾਕਟਰ ਦੋਸਤ ਹੈ। ਮੈਂ ਉਸ ਨੂੰ ਜਾ ਕੇ ਆਪਣੀ ਅੱਖ ਵਿਖਾਵਾਂ। ਉਨ੍ਹਾਂ ਨੇ ਉਸ ਦੋਸਤ ਡਾਕਟਰ ਨੂੰ ਫੋਨ ਕਰ ਕੇ ਮੇਰੇ ਬਾਰੇ ਕਹਿ ਦਿੱਤਾ। ਸਾਡੇ ਸ਼ਹਿਰ ਦੇ ਕੁਝ ਫੋਟੋਗ੍ਰਾਫੀ ਵਿਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੇ ਇਕ ਗਰੁੱਪ ਬਣਾਇਆ ਹੋਇਆ ਸੀ ਜੋ ਗਾਹੇ-ਬਗਾਹੇ ਆਪੋ-ਆਪਣੇ ਕੈਮਰੇ ਨਾਲ ਫੋਟੋ ਖਿੱਚ ਕੇ ਇਕ-ਦੂਜੇ ਨਾਲ ਮੀਟਿੰਗ ਦੌਰਾਨ ਉਸ ਸਬੰਧੀ ਵਿਚਾਰ-ਵਟਾਂਦਰਾ ਕਰਿਆ ਕਰਦੇ ਸਨ। ਇਸ ਤਰ੍ਹਾਂ ਸਾਰੇ ਮਿੱਤਰਾਂ ਵਾਂਗ ਵਿਚਰਦੇ ਸਨ। ਅੱਖਾਂ ਦਾ ਮਾਹਰ ਡਾਕਟਰ ਵੀ ਇਸ ਗਰੁੱਪ ਦਾ ਮੈਂਬਰ ਸੀ। ਮੇਰਾ ਅਫ਼ਸਰ ਵੀ ਇਸ ਗਰੁੱਪ ਦਾ ਮੈਂਬਰ ਹੋਣ ਕਰਕੇ ਇਸ ਡਾਕਟਰ ਦਾ ਜਾਣੂ ਸੀ। ਲਿਹਾਜ਼ਾ ਆਪਣੇ ਅਫ਼ਸਰ ਦੇ ਕਹਿਣ 'ਤੇ ਮੈਂ ਉਸ ਅੱਖਾਂ ਦੇ ਮਾਹਰ ਡਾਕਟਰ ਕੋਲ ਗਿਆ। ਉਨ੍ਹਾਂ ਨੇ ਮੇਰੀ ਅੱਖ ਵੇਖੀ ਜਿਸ ਦੇ ਹੇਠਾਂ ਛੱਲੀ ਜਿਹੀ ਬਣ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਹ ਰਸੌਲੀ ਲੱਗਦੀ ਹੈ। ਇਸ ਦਾ ਆਪ੍ਰੇਸ਼ਨ ਕਰਨਾ ਪਵੇਗਾ। ਮੈਂ ਬਥੇਰਾ ਕਿਹਾ ਕਿ ਡਾਕਟਰ ਸਾਹਿਬ, ਮੇਰੇ ਸੱਟ ਲੱਗੀ ਹੈ। ਰਸੌਲੀ ਕਿਵੇਂ ਬਣ ਗਈ। ਮੇਰੇ ਜ਼ੋਰ ਪਾਉਣ 'ਤੇ ਉਨ੍ਹਾਂ ਕਿਹਾ ਕਿ ਇੰਜ ਕਰੋ, ਤੁਸੀਂ ਇਸ ਦਾ ਰੰਗੀਨ ਐਕਸਰਾ ਅੰਮ੍ਰਿਤਸਰ ਤੋਂ ਡਾਕਟਰ ਲਖਨਪਾਲ ਤੋਂ ਕਰਵਾ ਕੇ ਲਿਆਓ।

ਮੈਂ ਡਾਕਟਰ ਲਖਨਪਾਲ ਕੋਲ ਗਿਆ। ਉਨ੍ਹਾਂ ਨੇ ਮੇਰੀ ਅੱਖ ਦਾ ਐਕਸਰੇ ਲਾਹ ਦਿੱਤਾ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਡਾਕਟਰ ਸਾਹਿਬ, ਕੀ ਨੁਕਸ ਹੈ, ਕਿਤੇ ਰਸੌਲੀ ਤਾਂ ਨਹੀਂ। ਉਨ੍ਹਾਂ ਨੇ ਕਿਹਾ ਕਿ ਇਹ ਰਸੌਲੀ ਨਹੀਂ ਹੈ, ਕੇਵਲ ਸੱਟ ਕਰਕੇ ਸੋਜ ਪੈ ਗਈ ਹੈ। ਇਸ ਦਾ ਫੋੜਾ ਬਣਨ ਦਾ ਚਾਂਸ ਲੱਗਦਾ ਹੈ। ਮੈਂ ਐਕਸਰੇ ਲੈ ਕੇ ਬਟਾਲੇ ਦੇ ਉਸ ਅੱਖਾਂ ਦੇ ਮਾਹਰ ਡਾਕਟਰ ਕੋਲ ਗਿਆ। ਐਕਸਰੇ ਵੇਖ ਕੇ ਉਨ੍ਹਾਂ ਕਿਹਾ ਕਿ ਬਾਹਰੋਂ ਟਾਈਮ ਲੈ ਲਵੋ। ਇਸ ਦਾ ਆਪ੍ਰੇਸ਼ਨ ਕਰਨਾ ਪੈਣਾ ਹੈ। ਮੈਂ

ਬਾਕੀ ਸਫ਼ਾ 29 'ਤੇ

# ਕੀ ਹੈ 'ਡੀਪਸੀਕ' ਜਿਸ ਨੇ ਅਮਰੀਕਾ ਦੀਆਂ ਸਾਫਟਵੇਅਰ ਕੰਪਨੀਆਂ ਦੇ ਸ਼ੇਅਰ ਮੂਧੇ ਮੂੰਹ ਸੁੱਟੇ

**ਬਲਰਾਜ ਸਿੰਘ ਸਿੱਧੂ (ਰਿਟਾ. ਕਮਾਂਡੈਂਟ) ਪੰਡੋਰੀ ਸਿੱਧਵਾਂ # 9501100062**

ਚੀਨੀ ਆਰਟੀਫੀਸ਼ਲ ਇੰਨਟੈਲੀਜੈਂਸ (ਏ.ਆਈ.) ਐਪਡੀਪਸੀਕ ਨੇ ਦੁਨੀਆਂ ਭਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਮਰੀਕੀ ਟੈੱਕ ਕੰਪਨੀਆਂ ਦੇ ਸ਼ੇਅਰਾਂ ਨੂੰ ਅਜਿਹਾ ਧੱਕਾ ਲੱਗਾ ਜੋ ਉਨ੍ਹਾਂ ਨੇ ਆਪਣੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਣਾ। ਰਾਸ਼ਟਰਪਤੀ ਟਰੰਪ ਨੂੰ ਇਸ ਬਾਰੇ ਇੱਕ ਬਿਆਨ ਜਾਰੀ ਕਰਨਾ ਪਿਆ ਹੈ। 20 ਜਨਵਰੀ 2025 ਨੂੰ ਇਸ ਚੀਨੀ ਕੰਪਨੀ ਨੇ ਆਪਣਾ ਚੈਟਬੋਟ ਲਾਂਚ ਕੀਤਾ ਹੈ ਜਿਸ ਦਾ ਨਾਮ ਡੀਪਸੀਕ ਆਰ ਵੰਨ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਇਨ੍ਹਾਂ ਨੇ ਆਪਣਾ ਰਿਸਰਚ ਪੇਪਰ ਜਾਰੀ ਕੀਤਾ ਹੈ ਜਿਸ ਅਨੁਸਾਰ ਇਹ ਮੈਥ, ਸਾਇੰਸ ਅਤੇ ਹੋਰ ਵਿਸ਼ਿਆਂ ਵਿੱਚ ਦੁਨੀਆਂ ਦੀਆਂ ਸਾਰੀਆਂ ਏ.ਆਈ. ਨਾਲੋਂ ਬੇਹਤਰ ਹੈ। ਇਸ ਨੇ ਉਪਨਏਆਈ ਦੇ ਚੈਟ ਜੀ.ਪੀ.ਟੀ. 01 ਮਾਡਲ, ਮੈਟਾ ਦੇ ਲਾਮਾ ਅਤੇ ਗੂਗਲ ਦੇ ਜੈਮੀਨੀ ਐਡਵਾਂਸਡ ਨੂੰ ਇੱਕ ਝਟਕੇ ਵਿੱਚ ਹੀ ਕਿਤੇ ਪਿੱਛੇ ਛੱਡ ਦਿੱਤਾ ਹੈ। ਡੀਪਸੀਕ ਨੂੰ ਬਣਾਉਣ ਲਈ ਇਨ੍ਹਾਂ ਸਾਰਿਆਂ ਨਾਲੋਂ ਘੱਟ ਸਮਾਂ ਅਤੇ ਬਹੁਤ ਹੀ ਘੱਟ ਲਾਗਤ ਲੱਗੀ ਹੈ ਤੇ ਇਸ ਨੂੰ ਇਸਤੇਮਾਲ ਕਰਨਾ ਬਿਲਕੁਲ ਮੁਫਤ ਹੈ ਜਦ ਕਿ ਉਪਨਏਆਈ ਗਾਹਕਾਂ ਕੋਲੋਂ ਹਰ ਮਹੀਨੇ 200 ਅਮਰੀਕਨ ਡਾਲਰ ਵਸੂਲਦਾ ਹੈ।

ਇਸ ਤੋਂ ਇਲਾਵਾ ਡੀਪਸੀਕ ਨੂੰ ਤਿਆਰ ਕਰਨ ਵਾਸਤੇ ਸਿਰਫ 56 ਲੱਖ ਡਾਲਰ ਖਰਚ ਹੋਏ ਹਨ। ਇਹ ਰਕਮ ਸਾਨੂੰ ਬਹੁਤ ਵੱਡੀ ਲੱਗ ਰਹੀ ਹੈ ਪਰ ਜੇ ਅਮਰੀਕਨ ਏ.ਆਈ. ਕੰਪਨੀਆਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਹ ਕੁਝ ਵੀ ਨਹੀਂ ਹੈ ਕਿਉਂਕਿ ਅਮਰੀਕੀ ਕੰਪਨੀਆਂ ਇਸ ਕੰਮ ਵਾਸਤੇ ਕਰੋੜਾਂ ਡਾਲਰ ਖਰਚ ਕਰ ਰਹੀਆਂ ਹਨ। ਗੂਗਲ ਨੇ ਜੈਮੀਨੀ ਨੂੰ ਤਿਆਰ ਕਰਨ ਲਈ ਵਾਸਤੇ ਇੱਕ ਅਰਬ ਡਾਲਰ ਅਤੇ ਉਪਨਏਆਈ ਨੇ ਚੈਟ ਜੀ.ਪੀ.ਟੀ 01 ਲਈ 3 ਅਰਬ ਡਾਲਰ ਖਰਚ ਕੀਤਾ ਹੈ। ਵਰਨਣਯੋਗ ਹੈ ਕਿ ਜਦੋਂ ਇੱਕ ਪ੍ਰੈੱਸ ਕਾਨਫਰੰਸ ਵਿੱਚ ਉਪਨਏਆਈ ਦੇ ਮਾਲਕ ਸੈਮ ਆਲਟਮੈਨ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਵਰਗੇ ਚੈਟਬੋਟ ਨੂੰ ਭਾਰਤ ਵੀ ਬਣਾ ਸਕਦਾ ਹੈ ਤਾਂ ਉਸ ਨੇ ਹੰਕਾਰ ਭਰਿਆ ਜਵਾਬ ਦਿੱਤਾ ਕਿ ਇਸ ਤਰਾਂ ਦਾ ਚੈਟਬੋਟ ਕੋਈ ਵੀ ਨਹੀਂ ਬਣਾ ਸਕਦਾ, ਇਹ ਅਸੰਭਵ ਹੈ। ਪਰ ਅੱਜ ਸੈਮ ਆਲਟਮੈਨ ਖੁਦ ਨੂੰ ਕੋਸ ਰਿਹਾ ਹੋਵੇਗਾ ਕਿਉਂਕਿ ਉਸ ਦੇ ਬਿਆਨ ਤੋਂ ਦੋ ਹਫਤੇ ਬਾਅਦ ਹੀ ਡੀਪਸੀਕ ਐਪਲ ਸਟੋਰ ਅਤੇ ਗੂਗਲ ਪਲੇ 'ਤੇ ਦੁਨੀਆਂ ਦਾ ਸਭ ਤੋਂ ਵੱਧ ਡਾਊਨਲੋਡ ਹੋਣ ਵਾਲਾ ਐਪ ਬਣ ਗਿਆ ਹੈ।

**ਡੀਪਸੀਕ ਦੀ ਇੱਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਸੈਂਸਰਸ਼ਿੱਪ ਦਾ ਤੋੜ ਵੀ ਨਾਲ ਹੀ ਦੇ ਦਿੱਤਾ ਹੈ। ਇਹ ਇੱਕ ਉਪਨ ਸੋਰਸ ਸਾਫਟਵੇਅਰ ਹੈ ਜਿਸ ਕਾਰਨ ਕੋਈ ਵੀ ਟੈਕਨੀਕਲ ਵਿਅਕਤੀ ਇਸ ਦਾ ਕੋਡ ਬਦਲ ਕੇ ਸੈਂਸਰਸ਼ਿੱਪ ਨੂੰ ਬਾਈਪਾਸ ਕਰ ਸਕਦਾ ਹੈ ਤੇ ਆਪਣੇ ਆਪਣੇ ਮਨ ਮੁਤਾਬਕ ਸਵਾਲ ਪੁੱਛ ਸਕਦਾ ਹੈ। ਪਰਿਪੈਕਸਫਲਾਈ ਅਤੇ ਮਾਈਕਰੋਸਾਫਟ ਵਰਗੀਆਂ ਅਮਰੀਕੀ ਕੰਪਨੀਆਂ ਨੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਡੀਪਸੀਕ ਦਾ ਬਗੈਰ ਸੈਂਸਰਸ਼ਿੱਪ ਵਾਲਾ ਮਾਡਲ ਬਜ਼ਾਰ ਵਿੱਚ ਪੇਸ਼ ਕਰ ਦਿੱਤਾ ਹੈ। ਅਸਲ ਵਿੱਚ ਇਨਸਾਨ ਦੇ ਦਿਮਾਗ ਦੀ ਅੱਜ ਤੱਕ ਕੋਈ ਵੀ ਥਾਹ ਨਹੀਂ ਪਾ ਸਕਿਆ। ਅੱਜ ਡੀਪਸੀਕ ਦੁਨੀਆਂ ਵਿੱਚ ਤਰਥੱਲੀ ਮਚਾ ਰਹੀ ਹੈ ਪਰ ਹੋ ਸਕਦਾ ਹੈ ਕੱਲ੍ਹ ਨੂੰ ਕੋਈ ਕੰਪਨੀ ਇਸ ਤੋਂ ਵੀ ਉੱਤਮ ਮਾਡਲ ਬਜ਼ਾਰ ਵਿੱਚ ਪੇਸ਼ ਕਰ ਦੇਵੇ।**

27 ਜਨਵਰੀ ਤੱਕ ਅਮਰੀਕਾ ਦੀ ਸ਼ੇਅਰ ਮਾਰਕੀਟਾਂ ਵਿੱਚ ਤਹਿਲਕਾ ਮੱਚ ਗਿਆ ਸੀ। ਟੈੱਕ ਕੰਪਨੀਆਂ ਦੇ ਸ਼ੇਅਰ ਅਸਮਾਨ ਤੋਂ ਧਰਤੀ 'ਤੇ ਆਣ ਡਿੱਗੇ ਸਨ ਜਿਸ ਕਾਰਨ ਨਿਵੇਸ਼ਕਾਂ ਨੂੰ 100 ਅਰਬ ਡਾਲਰ ਦੇ ਕਰੀਬ ਘਾਟਾ ਪਿਆ ਹੈ। ਕਈ







ਛੋਟੀਆਂ ਮੋਟੀਆਂ ਟੈੱਕ ਕੰਪਨੀਆਂ ਤਾਂ ਦੀਵਾਲੀਆਂ ਹੋ ਗਈਆ ਹਨ। ਡੀਪਸੀਕ ਦੇ ਆਉਣ ਤੋਂ ਪਹਿਲਾਂ ਦੁਨੀਆਂ ਦੀ ਸਭ ਤੋਂ ਅਮੀਰ ਟੈੱਕ ਕੰਪਨੀ ਅਮਰੀਕਾ ਦੀ ਨਵੀਡੀਆ ਸੀ ਜਿਸ ਦੀ ਮਾਰਕੀਟ ਵੈਲੀਊ 3500 ਅਰਬ ਡਾਲਰ ਸੀ। ਨਵੀਡੀਆ ਆਮ ਚਿੱਪ ਤੋਂ ਇਲਾਵਾ ਏ.ਆਈ. ਨੂੰ ਟਰੇਨਿੰਗ ਦੇਣ ਅਤੇ ਸੰਚਾਲਣ ਕਰਨ ਵਾਲੇ ਕੰਪਿਊਟਰਾਂ ਵਾਸਤੇ ਚਿੱਪ ਬਣਾਉਣ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਹੈ। ਪਰ ਇੱਕ ਹੀ ਦਿਨ ਵਿੱਚ 17% ਸ਼ੇਅਰ ਡਿੱਗ ਪੈਣ ਕਾਰਨ ਇਸ ਦੀ ਵੈਲੀਊ 2900 ਅਰਬ ਡਾਲਰ ਰਹਿ ਗਈ ਸੀ ਜੋ ਅੱਜ ਤੱਕ ਦਾ ਕਿਸੇ ਟੈੱਕ ਕੰਪਨੀ ਨੂੰ ਪਿਆ ਸਭ ਤੋਂ ਵੱਡਾ ਘਾਟਾ ਹੈ। ਅਮਰੀਕਾ ਦੀ ਸ਼ੇਅਰ ਮਾਰਕੀਟ ਵਿੱਚ ਕੁੱਲ 3.1% ਦੀ ਗਿਰਾਵਟ ਦਰਜ਼ ਕੀਤੀ ਗਈ ਹੈ।

ਅਮਰੀਕਾ ਸਮੇਤ ਸਾਰੀ ਦੁਨੀਆਂ ਵਿੱਚ ਤਰਥੱਲੀ ਮਚਾਉਣ ਵਾਲੀ ਇਸ ਡੀਪਸੀਕ ਦੀ ਕਹਾਣੀ ਬਹੁਤ ਹੀ ਦਿਲਚਸਪ ਹੈ। ਡੀਪਸੀਕ ਨੂੰ ਬਣਾਉਣ ਵਾਲਾ ਚੀਨੀ ਉੱਦਮੀ ਲਿਆਨ ਵਿੰਗਫੌਂਗ ਹੈ ਜਿਸ ਦੀ ਉਮਰ ਸਿਰਫ 40 ਸਾਲ ਹੈ। ਚਕਾਚੌਂਧ ਤੋਂ ਦੂਰ ਰਹਿਣ ਵਾਲੇ ਵਿੰਗਫੌਂਗ ਨੂੰ 20 ਜਨਵਰੀ ਤੋਂ ਪਹਿਲਾਂ ਕੋਈ ਨਹੀਂ ਸੀ ਜਾਣਦਾ। ਅੱਜ ਵੀ ਇਸ ਦੇ ਪਰਿਵਾਰ ਜਾਂ ਇਸ ਬਾਰੇ ਕੋਈ ਜਿਆਦਾ ਜਾਣਕਾਰੀ ਇੰਟਰਨੈੱਟ 'ਤੇ ਉਪਲਭਦ ਨਹੀਂ ਹੈ। ਇਸ ਨੇ 2015 ਵਿੱਚ ਹਾਈ ਫਲਾਈਰ ਨਾਮ ਦੇ ਇੱਕ ਹੈੱਜ ਫੰਡ ਦੀ ਸਥਾਪਨਾ ਕੀਤੀ ਸੀ ਜੋ ਬਜ਼ਾਰ ਤੋਂ ਪੂੰਜੀ ਹਾਸਲ ਕਰਨ ਅਤੇ ਨਿਵੇਸ਼ ਕਰਨ ਲਈ ਮੈਥ ਅਤੇ ਏ.ਆਈ. ਦਾ ਪ੍ਰਯੋਗ ਕਰਦਾ ਸੀ। 2019 ਵਿੱਚ ਇਸ ਨੇ ਏ.ਆਈ. ਸਬੰਧੀ ਸ਼ੋਧ (ਖੋਜ) ਕਰਨ ਲਈ ਹਾਈ ਫਲਾਈਰ ਏ.ਆਈ. ਦੀ ਸਥਾਪਨਾ ਕੀਤੀ ਤੇ ਮਈ 2023 ਵਿੱਚ ਇਸ ਨੇ ਆਪਣੇ ਹੈੱਜ ਫੰਡ ਦੀ ਵਰਤੋਂ ਡੀਪਸੀਕ ਨੂੰ ਵਿਕਸਿਤ ਕਰਨ ਵਾਸਤੇ ਕਰਨੀ ਸ਼ੁਰੂ ਕਰ ਦਿੱਤੀ। ਵਿੰਗਫੌਂਗ ਦਾ ਕਹਿਣਾ ਹੈ ਕਿ ਉਹ ਅਜਿਹਾ ਏ.ਆਈ. ਮਾਡਲ ਬਣਾਉਣਾ ਚਾਹੁੰਦਾ ਸੀ ਜੋ

ਦੁਨੀਆਂ ਦੇ ਸਾਰੇ ਏ.ਆਈ. ਮਾਡਲਾਂ ਤੋਂ ਉੱਚਤਮ ਹੋਵੇ।

ਜਦੋਂ ਇਸ ਨੇ ਡੀਪਸੀਕ ਬਣਾਉਣ ਲਈ ਟੀਮ ਦੇ ਗਠਨ ਦਾ ਕੰਮ ਸ਼ੁਰੂ ਕੀਤਾ ਤਾਂ ਇਸ ਨੇ ਇੰਜੀਨੀਅਰਾਂ ਦੀ ਬਜਾਏ ਚੀਨ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਤੋਂ ਇਸ ਖੇਤਰ ਵਿੱਚ ਪੀ.ਐਚ.ਡੀ ਕਰਨ ਵਾਲੇ ਚੋਟੀ ਦੇ ਵਿਦਿਆਰਥੀ ਭਰਤੀ ਕੀਤੇ। ਡੀਪਸੀਕ ਨੂੰ ਟਰੇਨਿੰਗ ਦੇਣ ਵਾਸਤੇ ਦੁਨੀਆਂ ਦੇ ਸਭ ਤੋਂ ਔਖੇ ਸਵਾਲ ਫੀਡ ਕੀਤੇ ਗਏ ਤੇ ਦੋ ਸਾਲਾਂ ਦੇ ਛੋਟੇ ਜਿਹੇ ਸਮੇਂ ਵਿੱਚ ਹੀ ਕੁਝ ਲੱਖ ਡਾਲਰਾਂ ਦੇ ਖਰਚੇ ਨਾਲ ਡੀਪਸੀਕ ਆਰ ਵੰਨ ਮਾਡਲ ਨੂੰ ਦੁਨੀਆਂ ਸਾਹਮਣੇ ਲਾਂਚ ਕਰ ਦਿੱਤਾ ਗਿਆ। ਇਸ ਨੂੰ ਤਿਆਰ ਕਰਨ ਲਈ ਸਿਰਫ 200 ਕਰਮਚਾਰੀਆਂ ਨੇ ਕੰਮ ਕੀਤਾ ਜਿੰਨ੍ਹਾਂ ਵਿੱਚੋਂ 95% 30 ਸਾਲ ਤੋਂ ਘੱਟ ਉਮਰ ਦੇ ਸਨ। ਇਸ ਦੀ ਤੁਲਨਾ ਵਿੱਚ ਉਪਨਏਆਈ ਕੰਪਨੀ ਨੇ 3500 ਕਰਮਚਾਰੀਆਂ ਦੀ ਮਦਦ ਲਈ ਸੀ। ਡੀਪਸੀਕ ਚੀਨ ਦੀ ਇਕਲੌਤੀ ਅਜਿਹੀ ਏ.ਆਈ.ਕੰਪਨੀ ਹੈ ਜਿਸ ਨੇ ਬਾਇਡੂ, ਅਲੀਬਾਬਾ ਅਤੇ ਬਾਈਟਡਾਂਸ ਵਰਗੀਆਂ ਖਰਬਪਤੀ ਚੀਨੀ ਇਨਵੈਸਮੈਂਟ ਕੰਪਨੀਆਂ ਕੋਲੋਂ ਇੱਕ ਪੈਸਾ ਵੀ ਉਧਾਰ ਨਹੀਂ ਲਿਆ।

ਇਸ ਦੀ ਸੰਰਚਨਾ ਅਤੇ ਇਸਤੇਮਾਲ ਵੀ ਬਹੁਤ ਹੀ ਸੁਖਾਲਾ ਹੈ। ਡੀਪਸੀਕ ਵੀ ਉਪਨਏਆਈ ਦੇ ਚੈਟਜੀਪੀਟੀ ਓ ਵੰਨ ਮਾਡਲ ਵਾਂਗ ਇੱਕ ਚੇਨ ਆਫ ਥੌਟ ਮਾਡਲ ਹੈ। ਮਤਲਬ ਇਹ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਆਪਣੇ ਆਪ ਨੂੰ ਕਾਊਂਟਰ ਸਵਾਲ ਕਰਦਾ ਹੈ ਕਿ ਸਵਾਲ ਦਾ ਸਭ ਤੋਂ ਸਹੀ ਅਤੇ ਵਧੀਆ ਜਵਾਬ ਕੀ ਹੋ ਸਕਦਾ ਹੈ?ਇਹ ਹਰ ਸਵਾਲ ਨੂੰ ਕਈ ਤਰੀਕਿਆਂ ਨਾਲ ਜਾਂਚਦਾ ਪਰਖਦਾ ਹੈ ਤੇ ਫਿਰ ਜਵਾਬ ਦੇਂਦਾ ਹੈ। ਮਤਲਬ ਇਹ ਫੀਡ ਕੀਤੇ ਹੋਏ ਜਵਾਬ ਨਹੀਂ ਦੇਂਦਾ ਬਲਕਿ ਖੁਦ ਵੀ ਸੋਚ ਸਕਦਾ ਹੈ। ਚੇਨ ਆਫ ਥੌਟ ਅਸਲ ਵਿੱਚ ਇਨਸਾਨੀ ਦਿਮਾਗ ਦੇ ਸੋਚਣ ਦੀ ਨਕਲ ਹੈ। ਇਹ ਪੁਰਾਣੀਆਂ ਏ.ਆਈ. ਨਾਲੋਂ ਬਹੁਤ ਬੇਹਤਰ ਮਾਡਲ ਹੈ ਤੇ ਇਸ ਨੂੰ ਏ.ਆਈ ਦਾ ਭਵਿੱਖ ਕਿਹਾ ਜਾ ਰਿਹਾ ਹੈ। ਡੀਪਸੀਕ ਦੀ ਇੱਕ ਹੋਰ ਨਵੀਂ ਗੱਲ ਇਹ ਹੈ ਕਿ ਇਹ ਆਪਣੇ ਸਕਰੀਨ 'ਤੇ ਇਹ ਵੀ ਵਿਖਾਉਂਦਾ ਹੈ ਕਿ ਉਹ ਜਵਾਬ ਦੇਣ ਤੋਂ ਪਹਿਲਾਂ ਕੀ ਸੋਚ ਰਿਹਾ ਹੈ।

ਪਰ ਡੀਪਸੀਕ ਦੇ ਲਾਂਚ ਹੋਣ ਤੋਂ ਬਾਅਦ ਇਸ ਦਾ ਇੱਕ ਮਾੜਾ ਪੱਖ ਵੀ ਸਾਹਮਣੇ ਆਇਆ ਹੈ। ਇਹ ਚੀਨੀ ਸਰਕਾਰ ਵੱਲੋਂ ਥੋਪੀ ਗਈ ਸੈਂਸਰਸ਼ਿੱਪ ਅਧੀਨ ਕੰਮ ਕਰਦਾ ਹੈ। ਚੀਨੀ ਸਿਆਸੀ ਸਿਸਟਮ ਬਾਰੇ ਜੇ ਇਸ ਨੂੰ ਕੋਈ ਚੁਭਵਾਂ ਸਵਾਲ ਪੁੱਛਿਆ ਜਾਵੇ ਜਿਵੇਂ ਕਿ ਸੰਨ 1989 ਵਿੱਚ ਤਿਆਨਮੈੱਨ ਚੌਂਕ ਵਿੱਚ ਚੀਨੀ ਫੌਜ ਦੇ ਹਮਲੇ ਵਿੱਚ ਕਿੰਨੇ ਵਿਦਿਆਰਥੀ ਮਾਰੇ ਗਏ ਸਨ, ਚੀਨੀ ਰਾਸ਼ਟਰਪਤੀ ਜਿੰਨਪਿੰਗ ਦੇ ਸਭ ਤੋਂ ਵੱਡੇ ਆਲੋਚਕ ਕੌਣ ਹਨ, ਕੀ ਤਾਇਵਾਨ ਇੱਕ ਅਜ਼ਾਦ ਦੇਸ਼ ਹੈ ਅਤੇ ਚੀਨ ਦੀ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਆਲੋਚਨਾ ਕਿਉਂ ਹੁੰਦੀ ਹੈ ਆਦਿ ਬਾਰੇ ਡੀਪਸੀਕ ਦਾ ਇਕ ਹੀ ਜਵਾਬ ਆਉਂਦਾ ਹੈ, ਸੌਰੀ, ਮੈਂ ਫਿਲਹਾਲ ਅਜਿਹੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦਾ। ਇਸ ਦੀ ਬਜਾਏ ਮੈਥ, ਤਕਨੀਕ ਅਤੇ ਹੋਰ ਮੁਸ਼ਕਿਲਾਂ ਬਾਰੇ ਗੱਲ ਕਰਦੇ ਹਾਂ। ਪਰ ਜੇ ਇਸ ਨੂੰ ਮੋਦੀ, ਟਰੰਪ ਅਤੇ ਪੂਤਿਨ ਆਦਿ ਬਾਰੇ ਸਵਾਲ ਪੁੱਛੇ ਜਾਣ ਤਾਂ ਇਹ ਬਹੁਤ ਵਿਸਥਾਰ ਨਾਲ ਜਵਾਬ ਦਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਚੀਨ ਵਿੱਚ ਜਿੰਨੇ ਵੀ ਏ.ਆਈ. ਮਾਡਲ ਬਣਦੇ ਹਨ, ਉਨ੍ਹਾਂ ਕੋਲੋਂ ਚੀਨੀ ਸਰਕਾਰੀ ਸੰਸਥਾ ਸਾਈਬਰਸਪੇਸ ਐਡਮਿਨਿਸਟਰੇਸ਼ਨ ਆਫ ਚਾਈਨਾ ਵੱਲੋਂ ਕਰੀਬ 70000 ਸਵਾਲ ਇੱਕ ਟੈਸਟ ਵਜੋਂ ਇਹ ਜਾਨਣ ਵਾਸਤੇ ਪੁੱਛੇ ਜਾਂਦੇ ਹਨ ਕਿ ਕਿਤੇ ਉਹ ਚੀਨੀ ਰਾਜਨੀਤਕ ਸਿਸਟਮ ਬਾਰੇ ਕੋਈ ਨੈਗੇਟਿਵ ਜਵਾਬ ਤਾਂ ਨਹੀਂ ਦੇ ਰਿਹਾ? ਇਸ ਕਾਰਨ ਚੀਨ ਵਿੱਚ ਬਣਿਆ ਕੋਈ ਵੀ ਏ.ਆਈ. ਮਾਡਲ ਅਜਿਹੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦਾ।

ਪਰ ਡੀਪਸੀਕ ਦੀ ਇੱਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਸੈਂਸਰਸ਼ਿੱਪ ਦਾ ਤੋੜ ਵੀ ਨਾਲ ਹੀ ਦੇ ਦਿੱਤਾ ਹੈ। ਇਹ ਇੱਕ ਉਪਨ ਸੋਰਸ ਸਾਫਟਵੇਅਰ ਹੈ ਜਿਸ ਕਾਰਨ ਕੋਈ ਵੀ ਟੈਕਨੀਕਲ ਵਿਅਕਤੀ ਇਸ ਦਾ ਕੋਡ ਬਦਲ ਕੇ ਸੈਂਸਰਸ਼ਿੱਪ ਨੂੰ ਬਾਈਪਾਸ ਕਰ ਸਕਦਾ ਹੈ ਤੇ ਆਪਣੇ ਆਪਣੇ ਮਨ ਮੁਤਾਬਕ ਸਵਾਲ ਪੁੱਛ ਸਕਦਾ ਹੈ। ਪਰਿਪੈਕਸਫਲਾਈ ਅਤੇ ਮਾਈਕਰੋਸਾਫਟ ਵਰਗੀਆਂ ਅਮਰੀਕੀ ਕੰਪਨੀਆਂ ਨੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਡੀਪਸੀਕ ਦਾ ਬਗੈਰ ਸੈਂਸਰਸ਼ਿੱਪ ਵਾਲਾ ਮਾਡਲ ਬਜ਼ਾਰ ਵਿੱਚ ਪੇਸ਼ ਕਰ ਦਿੱਤਾ ਹੈ। ਅਸਲ ਵਿੱਚ ਇਨਸਾਨ ਦੇ ਦਿਮਾਗ ਦੀ ਅੱਜ ਤੱਕ ਕੋਈ ਵੀ ਥਾਹ ਨਹੀਂ ਪਾ ਸਕਿਆ। ਅੱਜ ਡੀਪਸੀਕ ਦੁਨੀਆਂ ਵਿੱਚ ਤਰਥੱਲੀ ਮਚਾ ਰਹੀ ਹੈ ਪਰ ਹੋ ਸਕਦਾ ਹੈ ਕੱਲ੍ਹ ਨੂੰ ਕੋਈ ਕੰਪਨੀ ਇਸ ਤੋਂ ਵੀ ਉੱਤਮ ਮਾਡਲ ਬਜ਼ਾਰ ਵਿੱਚ ਪੇਸ਼ ਕਰ ਦੇਵੇ।

-0-

**ਡੀਪਸੀਕ ਨੂੰ ਤਿਆਰ ਕਰਨ ਵਾਸਤੇ ਸਿਰਫ 56 ਲੱਖ ਡਾਲਰ ਖਰਚ ਹੋਏ ਹਨ। ਇਹ ਰਕਮ ਸਾਨੂੰ ਬਹੁਤ ਵੱਡੀ ਲੱਗ ਰਹੀ ਹੈ ਪਰ ਜੇ ਅਮਰੀਕਨ ਏ.ਆਈ. ਕੰਪਨੀਆਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਹ ਕੁਝ ਵੀ ਨਹੀਂ ਹੈ ਕਿਉਂਕਿ ਅਮਰੀਕੀ ਕੰਪਨੀਆਂ ਇਸ ਕੰਮ ਵਾਸਤੇ ਕਰੋੜਾਂ ਡਾਲਰ ਖਰਚ ਕਰ ਰਹੀਆਂ ਹਨ। ਗੂਗਲ ਨੇ ਜੈਮੀਨੀ ਨੂੰ ਤਿਆਰ ਕਰਨ ਲਈ ਵਾਸਤੇ ਇੱਕ ਅਰਬ ਡਾਲਰ ਅਤੇ ਉਪਨਏਆਈ ਨੇ ਚੈਟ ਜੀ.ਪੀ.ਟੀ 01 ਲਈ 3 ਅਰਬ ਡਾਲਰ ਖਰਚ ਕੀਤਾ ਹੈ। ਵਰਨਣਯੋਗ ਹੈ ਕਿ ਜਦੋਂ ਇੱਕ ਪ੍ਰੈੱਸ ਕਾਨਫਰੰਸ ਵਿੱਚ ਉਪਨਏਆਈ ਦੇ ਮਾਲਕ ਸੈਮ ਆਲਟਮੈਨ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਵਰਗੇ ਚੈਟਬੋਟ ਨੂੰ ਭਾਰਤ ਵੀ ਬਣਾ ਸਕਦਾ ਹੈ ਤਾਂ ਉਸ ਨੇ ਹੰਕਾਰ ਭਰਿਆ ਜਵਾਬ ਦਿੱਤਾ ਕਿ ਇਸ ਤਰਾਂ ਦਾ ਚੈਟਬੋਟ ਕੋਈ ਵੀ ਨਹੀਂ ਬਣਾ ਸਕਦਾ, ਇਹ ਅਸੰਭਵ ਹੈ। ਪਰ ਅੱਜ ਸੈਮ ਆਲਟਮੈਨ ਖੁਦ ਨੂੰ ਕੋਸ ਰਿਹਾ ਹੋਵੇਗਾ ਕਿਉਂਕਿ ਉਸ ਦੇ ਬਿਆਨ ਤੋਂ ਦੋ ਹਫਤੇ ਬਾਅਦ ਹੀ ਡੀਪਸੀਕ ਐਪਲ ਸਟੋਰ ਅਤੇ ਗੂਗਲ ਪਲੇ 'ਤੇ ਦੁਨੀਆਂ ਦਾ ਸਭ ਤੋਂ ਵੱਧ ਡਾਊਨਲੋਡ ਹੋਣ ਵਾਲਾ ਐਪ ਬਣ ਗਿਆ ਹੈ।**

**ਸਫਾ 27 ਦਾ ਬਾਕੀ**

ਐਕਸਰੇ ਲੈ ਕੇ ਉਨ੍ਹਾਂ ਦੇ ਕਮਰੇ ਤੋਂ ਬਾਹਰ ਆ ਗਿਆ ਅਤੇ ਬਿਨਾਂ ਆਪ੍ਰੇਸ਼ਨ ਲਈ ਟਾਈਮ ਲਏ ਆਪਣੇ ਦਫ਼ਤਰ ਚਲਾ ਗਿਆ। ਸਾਡੇ ਮੁਹੱਲੇ ਹੀ ਇਕ ਆਰਐੱਮਪੀ ਡਾਕਟਰ ਅਸ਼ੋਕ ਕੁਮਾਰ ਨੇ ਆਪਣਾ ਕਲੀਨਕ ਖੋਲ੍ਹਿਆ ਹੋਇਆ ਸੀ। ਮੈਂ ਸ਼ਾਮੀਂ ਦਫ਼ਤਰੋਂ ਛੁੱਟੀ ਹੋਣ 'ਤੇ ਉਨ੍ਹਾਂ ਕੋਲ ਗਿਆ ਅਤੇ ਆਪਣੀ ਅੱਖ ਦੇ ਹੇਠਾਂ ਬਣੀ ਛੱਲੀ ਬਾਰੇ ਗੱਲ ਕੀਤੀ।

ਉਨ੍ਹਾਂ ਨੇ ਛੱਲੀ ਵੇਖ ਕੇ ਉਸ 'ਤੇ ਇਕ ਸਫੇਦ ਰੰਗ ਦੀ ਟੇਪ ਲਗਾ ਦਿੱਤੀ ਅਤੇ ਕਿਹਾ ਕਿ ਇਸ ਨੂੰ ਉਤਾਰਨਾ ਨਹੀਂ। ਦੋ-ਤਿੰਨ ਦਿਨ ਟੇਪ ਛੱਲੀ 'ਤੇ ਲੱਗੀ ਰਹੀ। ਇਕ ਦਿਨ ਮੈਂ ਜਦੋਂ ਉਸ 'ਤੇ ਉਂਗਲ ਲਗਾਈ ਤਾਂ ਉਹ ਛੱਲੀ ਮੈਨੂੰ ਨਰਮ ਹੋਈ ਲੱਗੀ। ਨਾਲ ਹੀ ਉਹ ਟੇਪ ਗਿੱਲੀ ਹੋਈ ਪਈ ਸੀ। ਮੈਂ ਡਾਕਟਰ ਕੋਲ ਗਿਆ ਤਾਂ ਉਨ੍ਹਾਂ ਨੇ ਉਹ ਟੇਪ ਜਦੋਂ ਉਤਾਰੀ ਤਾਂ ਛੱਲੀ ਇਕ ਤਾਂ ਨਰਮ ਹੋਈ ਪਈ ਸੀ, ਦੂਜਾ ਉਸ ਦਾ ਮੂੰਹ ਬਣਿਆ ਹੋਇਆ ਸੀ। ਉਹਨਾਂ ਨੇ ਜਦੋਂ ਛੱਲੀ ਨੂੰ ਦਬਾਇਆ ਤਾਂ ਉਸ 'ਚੋਂ ਚਿੱਟੀ ਜਿਹੀ ਪਾਕ ਨਿਕਲੀ। ਉਨ੍ਹਾਂ ਨੇ ਦੱਬ ਦੇ ਕੇ ਸਾਰੀ ਪਾਕ ਬਾਹਰ ਕੱਢ ਦਿੱਤੀ ਅਤੇ ਬਾਕੀ ਰਹੇ ਜ਼ਖ਼ਮ 'ਤੇ ਪਾਊਡਰ ਪਾ ਦਿੱਤਾ। ਕੁਝ ਦਿਨਾਂ ਬਾਅਦ ਉਹ ਜ਼ਖ਼ਮ ਵੀ ਸੁੱਕ ਕੇ ਠੀਕ ਹੋ ਗਿਆ। ਡਾਕਟਰਾਂ ਨੂੰ ਦੂਜਾ ਰੱਬ ਕਿਹਾ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਡਾਕਟਰ ਦਵਾਈਆਂ ਨਾਲ ਮਰੀਜ਼ ਦਾ ਇਲਾਜ ਕਰ ਦਿੰਦੇ ਸਨ ਪਰ ਅੱਜ-ਕੱਲ੍ਹ ਹਸਪਤਾਲਾਂ ਵਿਚ ਲੱਗੇ ਸਟਾਫ ਦੀਆਂ ਤਨਖ਼ਾਹਾਂ ਅਤੇ ਮਸ਼ੀਨਰੀ 'ਤੇ ਹੋਏ ਖ਼ਰਚੇ ਕਾਰਨ ਸ਼ਾਇਦ ਮਰੀਜ਼ ਦਾ ਇਲਾਜ ਆਪਣੀ ਮਰਜ਼ੀ ਨਾਲ ਕਰਦੇ ਹਨ ਅਤੇ ਮਰੀਜ਼ ਤੋਂ ਇਲਾਜ ਦਾ ਖ਼ਰਚਾ ਵੀ ਆਪਣੀ ਮਰਜ਼ੀ ਨਾਲ ਵਸੂਲ ਕਰਦੇ ਹਨ। -0-

# ਕਾੜ੍ਹਨੀ ਦਾ ਦੁੱਧ

**ਗੁਰਦੀਪ ਢੁੱਡੀ**
**# 95010-20731**

ਸਮਾਂ ਇੰਨਾ ਬਦਲ ਜਾਵੇਗਾ, ਇਸ ਦਾ ਅੰਦਾਜ਼ਾ ਸਾਡੇ ਪੁਰਖਿਆਂ ਨੇ ਤਾਂ ਕੀ ਲਾਉਣਾ ਸੀ, ਸਾਡੀ ਪੀੜ੍ਹੀ ਨੇ ਵੀ ਨਹੀਂ ਲਾਇਆ ਸੀ। ਇਹ ਗੱਲ ਉਦੋਂ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਦੋਂ ਛੋਟੇ ਜਿਹੇ ਸ਼ਹਿਰ ਫ਼ਰੀਦਕੋਟ ਦੇ ਬਾਜ਼ਾਰ ਵਿਚੋਂ ਲੰਘਣ ਸਮੇਂ ਇਕ ਅੰਮ੍ਰਿਤਧਾਰੀ ਬੀਬੀ ਨੂੰ ਸਟਾਲ ਲਾਈ ਦੇਖਿਆ। ਇਹ ਤੌੜੀ 'ਚ ਬਣੀ ਦਾਲ਼, ਕਾੜ੍ਹਨੀ 'ਚ ਕਾੜ੍ਹਿਆ ਦੁੱਧ ਅਤੇ ਦੁੱਧ ਤੋਂ ਬਣੀਆਂ ਕੁਝ ਚੀਜ਼ਾਂ ਵੇਚ ਰਹੀ ਸੀ। ਬੜੀ ਹਲੀਮੀ ਨਾਲ ਬੋਲਦੀ ਉਹ ਗੁਰਬਾਣੀ ਦਾ ਪਾਠ ਕਰਦੀ ਜਾਪ ਕਰ ਰਹੀ ਸੀ।... ਮੈਨੂੰ ਆਪਣੇ ਬਚਪਨ, ਜਵਾਨੀ ਅਤੇ ਫਿਰ ਪ੍ਰੌਢ ਉਮਰ ਦਾ ਸਮਾਂ ਯਾਦ ਆ ਗਿਆ ਜਦੋਂ ਪਿੰਡ ਵਿਚ ਮੇਰੀ ਮਾਂ ਦੁੱਧ ਕਾੜ੍ਹਨੀ ਵਿਚ ਪਾ ਕੇ ਕਾੜ੍ਹਦੀ ਹੁੰਦੀ ਸੀ ਅਤੇ ਫਿਰ ਸ਼ਾਮ ਨੂੰ ਇਸੇ ਵਿਚੋਂ ਸਾਨੂੰ ਪੀਣ ਨੂੰ ਦੁੱਧ ਮਿਲਦਾ ਸੀ। ਬਚਦੇ ਦੁੱਧ ਨੂੰ ਜਾਗ ਲਾ ਕੇ ਉਹ ਰਿੜਕਣੇ ਵਿਚ ਪਾ ਦਿੰਦੀ ਸੀ। ਸਵੇਰੇ ਉੱਠ ਕੇ ਲੱਕੜ ਦੀ ਬਣੀ ਮਧਾਣੀ ਨਾਲ ਦੁੱਧ ਰਿੜਕਿਆ ਜਾਂਦਾ। ਵਿਆਹ ਤੋਂ ਵਾਹਵਾ ਸਮਾਂ ਬਾਅਦ ਤੱਕ ਮੇਰੀ ਪਤਨੀ ਵੀ ਇਹ ਕਾਰ-ਕਿੱਤਾ ਕਰਦੀ ਰਹੀ ਪਰ ਹੁਣ ਮੇਰੇ ਵਾਸਤੇ ਇਹ ਵਸਤੂਆਂ ਦੁਰਲੱਭ ਹੋ ਗਈਆਂ ਹਨ; ਬੱਚਿਆਂ ਵਾਸਤੇ ਤਾਂ ਇਹ ਗੱਲ ਦੰਤ ਕਥਾ ਹੋ ਸਕਦੀ ਹੈ।

ਬੀਤੇ ਸਮੇਂ ਦੀ ਗੱਲ ਹੋਣ ਕਰ ਕੇ ਅਜੋਕੀ ਪੀੜ੍ਹੀ ਕਾੜ੍ਹਨੀ ਅਤੇ ਰਿੜਕਣੇ ਨੂੰ ਵੀ ਘੜਾ ਜਾਂ ਤੌੜਾ ਹੀ ਆਖੇਗੀ ਪਰ ਇਨ੍ਹਾਂ ਤਿੰਨਾਂ ਵਿਚ ਫ਼ਰਕ ਹੁੰਦਾ ਸੀ। ਕਾੜ੍ਹਨੀ ਜਾਂ ਰਿੜਕਣੇ ਦੀ ਸ਼ਕਲ ਦੇਖਣ ਨੂੰ ਘੜੇ ਵਰਗੀ ਲੱਗਦੀ ਸੀ; ਇਨ੍ਹਾਂ ਨੂੰ ਬਣਾਉਣ ਵਾਲਿਆਂ ਨੂੰ ਇਨ੍ਹਾਂ ਦੇ ਅੰਤਰ ਦਾ ਪਤਾ ਹੁੰਦਾ ਸੀ। ਉਨ੍ਹਾਂ ਤੋਂ ਜਾ ਕੇ ਘੜਾ, ਕਾੜ੍ਹਨੀ ਜਾਂ ਰਿੜਕਣਾ ਮੰਗਣ 'ਤੇ ਉਹ ਵੱਖ-ਵੱਖ ਥਾਵਾਂ ਤੋਂ ਇਹ ਭਾਂਡੇ ਦਿਖਾਉਂਦੇ ਸਨ। ਕਾੜ੍ਹਨੀ ਦਾ ਥੱਲੇ ਵਾਲਾ ਹਿੱਸਾ ਥੋੜ੍ਹਾ ਚੌੜਾ, ਵਿਚਕਾਰਲਾ ਹਿੱਸਾ ਲੰਬੂਤਰੀ ਸ਼ਕਲ ਵਾਲਾ ਤੇ ਉਪਰਲਾ ਹਿੱਸਾ ਇਕ ਦਮ ਉਪਰ ਵੱਲ ਜਾਂਦਾ ਸੀ। ਇਹ ਦੁੱਧ ਦੇ ਕੜ੍ਹਨ ਦੀਆਂ ਲੋੜਾਂ ਅਨੁਸਾਰ ਇਸ ਤਰ੍ਹਾਂ ਦਾ ਬਣਦਾ ਸੀ। ਰਿੜਕਣਾ ਥੱਲਿਓਂ ਚੌੜਾ ਅਤੇ ਵਿਚਕਾਰ ਤੋਂ ਇਕਦਮ ਬਾਹਰ ਵੱਲ ਵਧ ਜਾਂਦਾ ਸੀ। ਇਸ ਨੂੰ ਚਾਟੀ ਵੀ ਆਖਿਆ ਜਾਂਦਾ ਹੈ। ਇਸ ਦਾ ਮੂੰਹ ਘੜੇ ਅਤੇ ਕਾੜ੍ਹਨੀ ਦੇ ਮੁਕਾਬਲੇ ਵਧੇਰੇ ਚੌੜਾਈ ਵਿਚ ਹੁੰਦਾ ਸੀ। ਸਮੇਂ ਨਾਲ ਕਾੜ੍ਹਨੀ ਦਾ ਰੰਗ ਬਦਲ ਕੇ ਬਾਹਰੋਂ ਕਲਾਹਾਂ ਜਿਹਾ ਜਾਪਣ ਲੱਗ ਜਾਂਦਾ ਸੀ; ਰਿੜਕਣਾ ਅੰਤਾਂ ਦਾ ਥਿੰਧਾ ਹੁੰਦਾ ਜਾਂਦਾ।

ਮੱਝ ਦੇ ਦੁੱਧ ਚੋਣ ਸਮੇਂ ਵਰਤੋਂ ਅਨੁਸਾਰ ਕੁਝ ਦੁੱਧ ਕੱਚਾ ਰੱਖ ਲਿਆ ਜਾਂਦਾ ਸੀ ਅਤੇ ਬਾਕੀ ਨੂੰ ਕਾੜ੍ਹਨੀ ਵਿਚ ਪਾ ਦਿੱਤਾ ਜਾਂਦਾ ਸੀ। ਦੁੱਧ ਵਾਲੀ ਬਾਲਟੀ ਹੰਘਾਲ ਕੇ ਕੁਝ ਪਾਣੀ ਵੀ ਦੁੱਧ ਵਿਚ ਪਾ ਦਿੱਤਾ ਜਾਂਦਾ ਸੀ। ਹਾਰੇ ਵਿਚ ਪਹਿਲਾਂ ਹੀ ਧੁਖਾਈ ਪਾਥੀਆਂ ਦੀ ਅੱਗ 'ਤੇ ਦੁੱਧ ਵਾਲੀ ਕਾੜ੍ਹਨੀ ਨੂੰ ਰੱਖ ਦਿੱਤਾ ਜਾਂਦਾ ਸੀ। ਸਵੇਰ ਦਾ ਰੱਖਿਆ ਦੁੱਧ ਸ਼ਾਮ ਤੱਕ ਕੜ੍ਹ ਕੇ ਤਾਂਬੇ ਰੰਗਾ ਹੋ ਜਾਂਦਾ ਸੀ ਅਤੇ ਤਿਰਵਰਾ ਛੱਡਦੀ ਹੋਈ ਮਲ਼ਾਈ ਦੇਖ ਕੇ ਮੂੰਹ ਵਿਚ ਲਾਲ਼ਾਂ ਆ ਜਾਂਦੀਆਂ।

ਕੜ੍ਹੇ ਹੋਏ ਇਸ ਦੁੱਧ ਵਿਚੋਂ ਘਰ ਦੀ ਮੋਢੀ ਔਰਤ ਲੋੜ ਅਨੁਸਾਰ ਘਰ ਦੇ ਜੀਆਂ ਨੂੰ ਪੀਣ ਲਈ ਦਿੰਦੀ ਅਤੇ ਬਾਕੀ ਬਚਦੇ ਦੁੱਧ ਵਿਚ ਕੁਝ ਤਾਜ਼ਾ ਦੁੱਧ ਪਾ ਕੇ ਇਸ ਨੂੰ ਜਾਗ ਲਾ ਕੇ ਰਿੜਕਣੇ ਵਿਚ ਪਾ ਦਿੱਤਾ ਜਾਂਦਾ। ਸਵੇਰ ਤੱਕ ਇਹ ਦੁੱਧ, ਦਹੀਂ ਵਿਚ ਤਬਦੀਲ ਹੋ ਜਾਂਦਾ। ਘਰ ਦੀਆਂ ਔਰਤਾਂ ਵਿਚੋਂ ਇਕ ਜਣੀ ਇਸ ਦੁੱਧ ਨੂੰ ਰਿੜਕ ਕੇ ਮੱਖਣ ਕੱਢ ਲੈਂਦੀ। ਰਿੜਕਣੇ ਦੀ ਲੱਸੀ ਨੂੰ ਘਰ ਦੇ ਜੀਆਂ ਦੇ ਪੀਣ ਦੇ ਇਲਾਵਾ ਬਲਦਾਂ ਨੂੰ ਪੀਣ ਲਈ ਦਿੱਤੀ ਜਾਂਦੀ ਸੀ। ਇਹ ਮੰਨਿਆ ਜਾਂਦਾ ਹੈ ਕਿ ਲੱਸੀ ਅਤੇ ਦੁੱਧ ਵਿਚ ਕੇਵਲ ਇੰਨਾ ਕੁ ਹੀ ਅੰਤਰ ਹੁੰਦਾ ਹੈ ਕਿ ਲੱਸੀ ਵਿਚੋਂ ਥਿੰਧਾ ਕੱਢਿਆ ਹੁੰਦਾ ਹੈ; ਬਾਕੀ ਦੇ ਤੱਤ ਉਸ ਵਿਚ ਉਵੇਂ ਹੀ ਬਰਕਰਾਰ ਰਹਿੰਦੇ ਹਨ। ਕੁਝ ਥਾਵਾਂ 'ਤੇ ਲੱਸੀ ਵਿਚਲੇ ਗੁਣ ਦੁੱਧ ਨੂੰ ਵੀ ਪਿੱਛੇ ਪਾ ਜਾਂਦੇ ਹਨ।

ਕੀ ਪਤਾ ਸੀ ਕਦੇ ਕਾੜ੍ਹਨੀ ਦਾ ਇਹ ਦੁੱਧ ਛੋਟੀਆਂ-ਛੋਟੀਆਂ ਗਲਾਸੀਆਂ ਵਿਚ ਪੈ ਕੇ ਵਿਕਿਆ ਵੀ ਕਰੇਗਾ! ਉਂਝ, ਇਸ ਗੱਲ ਨੂੰ ਬਦਲੇ ਹੋਏ ਸਮੇਂ ਵਿਚ ਵਧੇਰੇ ਪ੍ਰਸੰਗਿਕ ਆਖਿਆ ਜਾਣਾ ਚਾਹੀਦਾ ਹੈ। ਜਿਵੇਂ ਹਰ ਚੀਜ਼ ਨੂੰ ਕਾਰਪੋਰੇਟ ਘਰਾਣੇ ਪ੍ਰਾਸੈੱਸ ਕਰ ਕੇ ਕਈ ਗੁਣਾ ਵੱਧ ਪੈਸੇ ਕਮਾ ਲੈਂਦੇ ਹਨ, ਇਵੇਂ ਹੀ ਜੇ ਕਿਸਾਨ ਵੀ ਆਪਣੀ ਪੈਦਾਵਾਰ ਨੂੰ ਪ੍ਰਾਸੈੱਸ ਕਰ ਕੇ ਵੇਚਣਾ ਸ਼ੁਰੂ ਕਰ ਦੇਣ ਤਾਂ ਜਿੱਥੇ ਕਾਰਪੋਰੇਟਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ ਉੱਥੇ ਵਧੇਰੇ ਕਮਾਈ ਵੀ ਹੋ ਸਕਦੀ ਹੈ। ਦੁੱਧ ਨੂੰ ਵੀ ਜੇ ਪ੍ਰਾਸੈੱਸ ਕਰ ਕੇ ਇਸ ਤਰ੍ਹਾਂ ਦੀਆਂ ਵਸਤੂਆਂ ਬਣਾ ਕੇ ਵੇਚੀਆਂ ਜਾਣ ਤਾਂ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ ਪਰ ਅਫ਼ਸੋਸ! ਕਿਸਾਨ ਤਾਂ ਘਰ ਦੇ ਜੀਆਂ ਵਾਸਤੇ ਸਾਗ ਬਣਾਉਣ ਲਈ ਵੀ ਹੁਣ ਬਾਜ਼ਾਰ ਵਿਚੋਂ ਲੈ ਕੇ ਜਾਂਦੇ ਹਨ।

ਕੀ ਪਤਾ, ਕਾੜ੍ਹਨੀ ਦਾ ਦੁੱਧ ਵੇਚਣ ਵਾਲੀ ਬੀਬੀ ਨੂੰ ਦੇਖ ਕੇ ਹੋਰ ਕਿਸਾਨਾਂ ਨੂੰ ਵੀ 'ਜਾਗ' ਲੱਗ ਜਾਵੇ। ਪ੍ਰਾਸੈਸਿੰਗ ਵਿਧੀ ਅਪਣਾ ਕੇ ਕਿਸਾਨੀ, ਮੰਦਹਾਲੀ 'ਚੋਂ ਨਿਜਾਤ ਪਾ ਸਕਦੀ ਹੈ। -0-

**ਸਫਾ 20 ਦਾ ਬਾਕੀ**

sure. God is the giver and the gift and creates His own amazing channels. ਤੁਸੀਂ ਪਰਮਾਤਮਾ ਕੋਲੋਂ ਬਿਲਕੁਲ ਅਸੰਭਵ ਵਿਖਾਈ ਦੇਣ ਵਾਲੇ ਲਾਭ ਦੀ ਉਮੀਦ ਕਰ ਸਕਦੇ ਹੋ। ਉਸਦੇ ਢੰਗ ਬੜੇ ਉੱਤਮ ਹਨ। ਉਸਦੇ ਤਰੀਕੇ ਬਿਲਕੁਲ ਨਿਸ਼ਚਿਤ ਹਨ। ਉਹ ਦਾਤਾ ਅਤੇ ਦਾਤਾਂ ਆਪ ਹੀ ਹੈ ਤੇ ਆਪਣੇ ਅਸਚਰਜ ਵਸੀਲੇ ਬਣਾ ਲੈਂਦਾ ਹੈ।

The dawn of Success, Happiness and Abundance is sure to me. You shall never want as you and this Creative Principle are one and the same.

ਸਫ਼ਲਤਾ, ਪ੍ਰਸੰਨਤਾ ਤੇ ਸਮ੍ਰਿਧੀ ਦੀ ਪ੍ਰਭਾਤ ਜ਼ਰੂਰ ਆਏਗੀ। ਤੁਹਾਨੂੰ ਕਦੀ ਕੋਈ ਤੋਟ ਨਹੀਂ ਆਏਗੀ ਕਿਉਂਕਿ ਤੁਸੀਂ ਤੇ ਸਿਰਜਣਾਤਮਕ ਸ਼ਕਤੀ ਇੱਕ ਅਤੇ ਇਕੋ ਜਿਹੇ ਹੀ ਹੋ।

ਆਤਮ-ਵਿਸ਼ਵਾਸ ਭਰੇ ਮਨੁੱਖ ਨੂੰ ਆਪਣੇ ਅਕਾਲ ਪੁਰਖ, ਉਸ ਮਾਲਿਕੇ-ਕੁਲ ਆਲਮ 'ਤੇ ਸਦਾ ਇਹ ਦ੍ਰਿੜ ਨਿਸਚਾ ਹੁੰਦਾ ਹੈ ਕਿ ਉਹ ਪ੍ਰਭੂ ਮਨੁੱਖ ਨੂੰ ਕੋਈ ਦੁੱਖ ਦੇਣ ਵਾਲਾ ਸਮਾਂ ਨਹੀਂ ਵੇਖਣ ਦੇਂਦਾ, ਉਹ ਆਪਣਾ ਮੁੱਢ-ਕਦੀਮਾਂ ਦਾ ਪਿਆਰ ਵਾਲਾ ਸੁਭਾਉ ਸਦਾ ਚੇਤੇ ਰਖਦਾ ਹੈ। ਪ੍ਰਭੂ ਆਪਣਾ ਹੱਥ ਦੇ ਕੇ ਸਾਡੀ ਰਾਖੀ ਕਰਦਾ ਹੈ ਤੇ ਹਰੇਕ ਸਾਹ ਦੇ ਨਾਲ ਪਾਲਦਾ ਰਹਿੰਦਾ ਹੈ। ਗੁਰਬਾਣੀ-ਫ਼ੁਰਮਾਨ ਹੈ:

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥**
**ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥**

**(682)**

ਜਦ ਇਹ ਵਿਸ਼ਵਾਸ ਬਣ ਜਾਏਗਾ ਕਿ ਇਹ ਜਗਤ ਫੁੱਲਾਂ ਦੀ ਬਗੀਚੀ ਹੈ। ਪ੍ਰਭੂ ਆਪ ਇਸ ਬਗੀਚੀ ਦਾ ਮਾਲੀ ਹੈ। ਹਰੇਕ ਦੀ ਸਦਾ ਸੰਭਾਲ ਕਰਦਾ ਹੈ। ਉਸ ਦੀ ਸੰਭਾਲ ਤੋਂ ਕੋਈ ਜੀਵ ਵਿਰਵਾ ਨਹੀਂ ਰਹਿੰਦਾ।

**ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥**
**ਸਦਾ ਸਮਾਲੇ ਕੋ ਨਾਹੀ ਖਾਲੀ ॥ (118)**

ਤਦ ਫਿਰ ਕੋਈ ਚਿੰਤਾ, ਝੋਰਾ ਸਾਨੂੰ ਪੋਹ ਨਹੀਂ ਸਕੇਗਾ ਅਤੇ ਤਣਾਅ ਸਾਥੋਂ ਸਦਾ ਦੂਰ ਹੀ ਰਹੇਗਾ।

ਯਾਦ ਰੱਖੋ, ਤਣਾਅ-ਰਹਿਤ ਜੀਵਨ ਜੀਊਣ ਦਾ ਤੀਸਰਾ ਸੂਤਰ ਹੈ :

**ਦ੍ਰਿੜ ਨਿਸ਼ਚਾ ਤੇ ਆਤਮ ਵਿਸ਼ਵਾਸ।**

-0-

# ਦੁਖੀ ਕਿਰਸਾਨ

–ਵਿਧਾਤਾ ਸਿੰਘ ਤੀਰ

ਗਿਣਦਾ ਗੀਟੀਆਂ ਗਲੀ 'ਚੋਂ ਨਿਕਲਿਆ ਮੈਂ,
ਵੇਖਣ ਵਾਸਤੇ ਕਾਰ–ਵਿਹਾਰ ਕੋਈ।
ਪੰਡ ਖੱਬਲ ਦੀ ਪੈਲੀ ਦੀ ਵੱਟ ਉੱਤੇ,
ਸੁਟੀ ਬੈਠਾ ਸੀ ਇਕ ਦੁਖਿਆਰ ਕੋਈ
ਲੀਰਾਂ ਤਨ ਤੇ ਭੂਰੇ ਦਾ ਮਾਰ ਮੁੱਘੜ,
ਵੇਂਹਦਾ ਪਿਆ ਸੀ ਪਹੇ ਵਿਚਕਾਰ ਕੋਈ।
ਹੋ ਹੋ ਗੋਡਿਆਂ ਦੇ ਭਾਰ ਚੁੱਕਦਾ ਸੀ,
ਭਾਰੀ ਪੰਡ ਅਣ–ਮਿਣੀ ਦਾ ਭਾਰ ਕੋਈ।

ਭੁਬਲ ਹੋ ਇਕਲਾਪੇ ਨੇ ਭੁੱਬ ਮਾਰੀ,
ਖੱਬਲ ਅੱਧ–ਵਿਚਾਲਿਓਂ ਸੁੱਟ ਰੋਇਆ।
ਜਾਂ ਮੈਂ ਪੁੱਛਿਆ ਦੱਸ ਕੀ ਵਾਪਰੀ ਊ?
ਅੱਗੋਂ ਇਸ ਤਰ੍ਹਾਂ ਉਹ ਫੁੱਟ ਫੁੱਟ ਰੋਇਆ:

ਢਿੱਡ ਪਾੜ ਕੇ ਫੱਟ ਵਿਖਾਂ ਕਿਸ ਨੂੰ,
ਦਿੱਸੇ ਕੋਈ ਨਾ ਦਰਦ ਵੰਡਾਣ ਵਾਲਾ।
ਕੋਈ ਏਸ ਸੰਸਾਰ ਤੇ ਜੰਮਿਆ ਨਾ,
ਫੱਟਾਂ ਮੇਰਿਆਂ ਤੇ ਫਹਿਆ ਲਾਣ ਵਾਲਾ।
ਮੇਰੇ ਧਉਲਿਆਂ ਨੂੰ ਧੌਲਾਂ ਪੈਂਦੀਆਂ ਨੇ,
ਜਿਹੜਾ ਆਉਂਦਾ ਮੈਨੂੰ ਦੁਖਾਣ ਵਾਲਾ।
ਮੇਰੀ ਦੁੱਖਾਂ ਦੀ ਭਰੀ ਹੈ ਹੱਡ–ਬੀਤੀ,
ਮੈਂ ਹਾਂ ਜਗਤ ਲਈ ਲਹੂ ਵਹਾਣ ਵਾਲਾ।

ਪੂੰਜੀਦਾਰ ਮੈਨੂੰ ਜੋਕਾਂ ਚੰਮੜੀਆਂ ਨੇ,
ਭਾਰੇ ਮਾਮਲੇ ਤੋੜਿਆ ਲੱਕ ਮੇਰਾ।
ਟੱਬਰ ਜਿਨ੍ਹਾਂ ਦੇ ਪਾਲਦਾ–ਪੋਸਦਾ ਹਾਂ,
ਉਹੋ ਸਦਾ ਹਨ ਲਾਹੁੰਦੇ ਸੱਕ ਮੇਰਾ।

ਵਾਹਣ ਵਾਹ ਵਾਹ ਹੁੰਦਾ ਹੈ ਵਾਹਣ ਮੇਰਾ,
ਝਾਗਾਂ ਦੁੱਖੜਾ ਹਾੜ ਸਿਆਲ ਦਾ ਮੈਂ।
ਕਣਕ, ਕੰਗਣੀ, ਜੌਂ, ਜਵਾਰ, ਛੋਲੇ,
ਸਰ੍ਹੋਂ, ਤੋਰੀਆ, ਬਾਜ਼ਰਾ ਘਾਲਦਾ ਮੈਂ।
ਮੂੰਗੀ, ਮੋਠ, ਮਕੱਈ, ਕਪਾਹ, ਝੋਨਾ,
ਪੋਨਾ, ਕਾਹੂ ਕਾਠਾ, ਧੌਲੂ ਪਾਲਦਾ ਮੈਂ।
ਅੰਨ ਦਾਣੇ ਦੇ ਬੋਲ੍ਹ ਉਪਜਾਉਂਦਾ ਹਾਂ,
ਕੁਲੰਜ ਕੁਲੰਜ ਕੇ ਪਾਣੀ ਪਤਾਲ ਦਾ ਮੈਂ।

'ਮੱਢਲ' 'ਝਾਟੂ' ਵੀ ਪੇਟ ਲਈ ਨਹੀਂ ਜੁੜਦਾ,
ਫਿਰੀ ਗਾਚਨੀ ਮੱਥੇ ਦੇ ਭਾਗ ਉੱਤੇ।
ਸੱਣ–ਟੱਬਰਾ ਮੇਰਾ ਨਿਰਬਾਹ ਹੁੰਦਾ,
ਇੱਟ–ਸਿੱਟ, ਪੀਲਕ ਤੇ ਬਾਥੂ ਦੇ ਸਾਗ ਉੱਤੇ।
ਮੇਰੀ ਹਾੜੀਓਂ ਸਾਉਣੀ ਪੱਕਦੀ ਏ,
ਜਗ੍ਹਾ ਜਗ੍ਹਾ ਦੀ ਸੁੱਖਣਾ ਸੁੱਖ ਸੁੱਖ ਕੇ
ਘਾਊਂ–ਮਾਊਂ ਹੋ ਹੋ ਘਾਲਾਂ ਘਾਲਦਾ ਹਾਂ,
ਕੱਟਾਂ ਦਿਨ ਦੁਪਹਿਰਾਂ ਦੇ ਦੁੱਖ ਦੁੱਖ ਕੇ।
ਬਹੁੜੀ ! ਕਿਸੇ ਨਾ ਬਹੁੜੀ ਸੁਣੀ ਮੇਰੀ,
ਥੱਕ ਗਿਆ ਹਾਂ ਝਖਣਾਂ ਝੁੱਖ ਝੁੱਖ ਕੇ।
ਡਾਢੇ ਮੂੰਹ ਤੇ ਜੰਦਰਾ ਮਾਰਦੇ ਨੇ,
ਧੂੰਆਂ ਕੱਢਦਾ ਹਾਂ ਜੇਕਰ ਧੁੱਖ ਧੁੱਖ ਕੇ

ਬਚੇ 'ਕੌਡੀ ਕਸੀਰਾ' ਨਾ ਪਾਸ ਮੇਰੇ,
ਨਾ ਮੈਂ ਕਿਸੇ ਦੀ 'ਆਧੜੀ' ਕਰਨ ਜੋਗਾ।
ਐਵੇਂ ਮੰਝ–ਧਾਰੇ ਗੋਤੇ ਖਾ ਰਿਹਾ ਹਾਂ,
ਨਾ ਹੀ ਜਿਊਣ ਜੋਗਾ, ਨਾ ਹੀ ਮਰਨ ਜੋਗਾ।
ਟਕੇ ਟੁੱਕ ਦੀ ਫੋਟ ਦਾ ਪਿਆ ਟੰਟਾ,
ਭੁੱਖਾ ਵਿਲਕਦਾ ਪਿਆ ਪਰਵਾਰ ਸਿਰ ਤੇ
'ਹਾੜੀ ਸਉਣੀ ਦੇ' ਲੇਖੇ–ਪਤੇ ਕਰ ਕਰ,
'ਵਹੀ' ਫੋਲਦੇ ਨੇ ਲਹਿਣੇਦਾਰ ਸਿਰ ਤੇ।
'ਡੰਡਾ ਮਾਮਲੇ ਦਾ' ਫੜੀ ਚੜ੍ਹੀ ਆਵੇ,
ਮਾਈ ਬਾਪ ਹਜ਼ੂਰ ਸਰਕਾਰ ਸਿਰ ਤੇ।
ਕਿਵੇਂ ਨਾਂਹ–ਨੁਕਰ ਲਈ ਬੁਲ੍ਹ ਫੁਰਕਣ,
ਖ਼ੂਨੀ ਲਟਕਦੀ ਦਿਸੇ ਤਲਵਾਰ ਸਿਰ ਤੇ।

ਦੱਸਾਂ ਗਿਣ ਕਿਤਨੇ ਸਿਰਾਂ ਸਾਡਿਆਂ ਤੇ,
ਜਿਹੜੇ ਦੁਖਾਂ ਦੇ ਪੈਂਦੇ ਵਧਾਣ ਰਹਿੰਦੇ।
ਕਰ ਕਰ ਕਾਰ ਕਿਰਸਾਨੀਓਂ ਕਿਰਸ ਕੱਢਣ,
ਤਾਂ ਭੀ ਅਤਿ ਦੇ ਦੁਖੀ ਕਿਰਸਾਨ ਰਹਿੰਦੇ।

ਭਰੀਆਂ ਬੋਰੀਆਂ ਬੋਲ਼ ਉਡਾ ਲੀਤੇ,
ਉਡ ਉਡ ਪੱਛਮੀ ਵਾ–ਵਰੋਲਿਆਂ ਨੇ
ਬਚੇ–ਖੁਚੇ ਜੇ ਬੋਲ੍ਹ 'ਚੋਂ ਚਾਰ ਦਾਣੇ,
ਉਹ ਵੀ ਤੋਲ ਲਏ ਸ਼ਾਹਾਂ ਦੇ 'ਤੋਲਿਆਂ' ਨੇ।
ਫੱਕਾ–ਦੁੱਕਾ ਜੋ ਬਚਿਆ ! ਰਹੇ ਖਾਂਦੇ,
ਆਖ਼ਰ ਦਿੱਤਾ ਜਵਾਬ ਭੜੋਲਿਆਂ ਨੇ।
ਵਾਂਗ ਪਾਥੀ ਦੇ ਪੇਟ ਸੁੱਕਾ ਦਿੱਤਾ,
ਝੁੱਲ ਝੁੱਲ ਕੇ ਭੁੱਖ ਦੇ ਝੋਲਿਆਂ ਨੇ।

ਪੰਡ ਘਾਹ ਦੀ ਹੁਣ ਹੋ ਰਿਹਾ ਵਿਰਸਾ,
ਵੇਚ–ਵੱਟ ਕੇ ਬੀਤਦਾ ਸਾਲ ਮੇਰਾ।
'ਤੀਰ' ਪੁੱਛਿਆ ਭਲਾ ਜੇ ਕਿਸੇ ਤੈਥੋਂ,
ਦੱਸੀਂ ਦਰਦਾਂ ਦਾ ਹਾਲ ਮੇਰਾ। –0–

# ਸੱਚ ਜਾਣੋ

ਰਣਜੀਤ ਸਿੰਘ 99155–55844

ਕਈ ਵਾਰ ਦਿਨ ਕਰਮਾਂ ਸਦਕਾ, ਵਕਤਾਂ ਮਾਰੇ ਹੋ ਜਾਂਦੇ ਨੇ।
ਪਰ ਦਾਤੇ ਦਾ ਜਾਣ ਸਹਾਰਾ, ਪਾਰ–ਉਤਾਰੇ ਹੋ ਜਾਂਦੇ ਨੇ।

ਸ਼ਰਧਾ ਅਤੇ ਭਰੋਸਾ ਜੇਕਰ ਮਨ ਆਪਣੇ ਵਿੱਚ ਪੁਖ਼ਤਾ ਹੋਵੇ,
ਓਸ ਅਕਾਰ–ਰਹਿਤ ਦੇ ਵੀ ਤਾਂ ਦਰਸ–ਦੀਦਾਰੇ ਹੋ ਜਾਂਦੇ ਨੇ।

ਪਾ ਲੈਂਦੇ ਨੇ ਪੱਲ੍ਹੇ ਆਪਣੇ ਸੱਚੀ ਸੁੱਚੀ ਸੋਭਾ ਨੂੰ ਉਹ
ਬਿਨ ਹਉਮੇਂ ਤੋਂ ਲੋੜਵੰਦਾਂ ਦੇ ਜੁ ਸਹਾਰੇ ਹੋ ਜਾਂਦੇ ਨੇ।

ਮਾਨਵਤਾ ਲਈ ਜੋ ਮਰ–ਮਿਟਦੇ ਉਹ ਲੋਕੀ ਦੁਨੀਆਂ ਦੀ ਨਜ਼ਰੀਂ,
ਦਿਨ ਦਾ ਸੂਰਜ ਹੋ ਜਾਂਦੇ ਨੇ, ਰਾਤ ਦੇ ਤਾਰੇ ਹੋ ਜਾਂਦੇ ਨੇ।

ਭਲਾ ਸੋਚਿਆ ਚਾਅ ਜੁ ਮਨ ਨੂੰ, ਬੁਰਾ ਸੋਚਿਆਂ ਭੈਅ ਜੁ ਰੂਹ ਨੂੰ,
ਸਮਝੇ ਨਾ ਕੋਈ ਸਮਝੇ ਪਰ 'ਰਣਜੀਤ' ਇਸ਼ਾਰੇ ਹੋ ਜਾਂਦੇ ਨੇ।

# ਸ਼ਾਂਤ ਪਲਾਂ ਵਿਚ ਜੀਣਾ

ਡਾ. ਦਲਵਿੰਦਰ ਸਿੰਘ

ਸ਼ਾਂਤ ਪਲਾਂ ਵਿੱਚ ਜੀਣਾ ਤੇ ਉਸ ਸੰਗ ਜੁੜ ਜਾਣਾ।
ਵੇਲਾ ਇਸ ਤੋਂ ਹੋ ਸਕਦਾ ਨਾ ਹੋਰ ਸੁਹਾਣਾ।

ਨ੍ਹੇਰੇ ਦੀ ਬੁੱਕਲ ਵਿੱਚ ਵਰ੍ਹਦੀਆਂ ਚਾਨਣ ਰਿਸ਼ਮਾਂ।
ਅੰਦਰ ਬਾਹਰ ਨੂਰ ਵਰਸਦੇ ਵਿੱਚ ਸਮਾਣਾ,

ਦੂਰ ਪਰੇ ਦੁਨੀਆਂ ਤੋਂ ਵਿਕੋਲਿਤਰੇ ਪਲ ਨੇ,
ਰੱਬ ਦੀ ਦਾਤ ਨਿਰਾਲੀ, ਉਸ ਨੂੰ ਦਿਲੋਂ ਧਿਆਣਾ।

ਸਾਹਾਂ ਦਾ ਥਮ ਜਾਣਾ ਧੜਕਣ ਵਧਦੀ ਜਾਣੀ,
ਹਰ ਧੜਕਣ ਦੇ ਵਿੱਚ ਓਸਦਾ ਆਪੂੰ ਆਣਾ।

ਲੋੜ ਨਹੀਂ ਕੋਈ ਹੋਰ ਓਸ ਨੂੰ ਮਿਲਣੇ ਬਾਝੋਂ,
ਨਾਮ ਨਾਲ ਜੁੜੀਂ ਛੱਡ ਮਨ ਭਟਕਾਣਾ।

# ਅੰਮੜੀ

ਜਗਦੀਸ਼ ਕੌਰ ਮਾਨ 78146-98117

ਮਾਂ ਅੱਖਰ ਗਿਆਨ ਤੋਂ ਕੋਰੀ ਸੀ ਜਿਸ ਦਾ ਉਹਨੂੰ ਸਾਰੀ ਉਮਰ ਝੋਰਾ ਰਿਹਾ। ਅਨਪੜ੍ਹ ਰਹਿ ਜਾਣ ਵਿਚ ਉਸ ਦਾ ਰਾਈ ਦੇ ਦਾਣੇ ਜਿੰਨਾ ਵੀ ਕਸੂਰ ਨਹੀਂ ਸੀ। ਉਹਦੇ ਵਾਰੇ-ਪਹਿਰੇ ਵਿੱਚ ਕੁੜੀਆਂ ਨੂੰ ਪੜ੍ਹਨੇ ਪਾਉਣ ਦਾ ਰਿਵਾਜ ਨਹੀਂ ਸੀ। ਅਨਪੜ੍ਹਤਾ ਜ਼ਿਆਦਾ ਹੋਣ ਕਾਰਨ ਲੋਕਾਂ ਦਾ ਤਰਕਹੀਣ ਵਿਚਾਰ ਸੀ ਕਿ ਜਦੋਂ ਕੁੜੀਆਂ ਨੇ ਵੱਡੀਆਂ ਹੋ ਕੇ ਘਰ ਦਾ ਚੁੱਲ੍ਹਾ-ਚੌਂਕਾ ਹੀ ਸੰਭਾਲਣਾ ਹੈ ਤਾਂ ਇਨ੍ਹਾਂ ਨੂੰ ਪੜ੍ਹਾਉਣ ਦੀ ਜ਼ਰੂਰਤ ਕੀ ਹੈ? ਜੇ ਕੋਈ ਇਕ ਅੱਧ ਬੰਦਾ ਕੁੜੀਆਂ ਨੂੰ ਪੜ੍ਹਾਉਣ ਦੀ ਵਕਾਲਤ ਵੀ ਕਰਦਾ ਤਾਂ ਸੌ ਜਣੇ ਹੀਰ ਰਾਂਝਾ, ਸੱਸੀ ਪੁਨੂੰ ਤੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਸੁਣਾ ਕੇ ਕੁੜੀਆਂ ਦੇ ਹੱਕ ਵਿੱਚ ਬੋਲਣ ਵਾਲੇ ਨੂੰ ਝੱਟ ਚੁੱਪ ਕਰਵਾ ਦਿੰਦੇ। ਉਹ ਤਰਕ ਦਿੰਦੇ ਕਿ ਇਨ੍ਹਾਂ ਕੁੜੀਆਂ (ਕਿੱਸਾ ਕਾਵਿ ਦੀਆਂ ਇਸਤਰੀ ਪਾਤਰ) ਨੂੰ ਪੜ੍ਹਾਈ ਲਿਖਾਈ ਨੇ ਹੀ ਕੁਰਾਹੇ ਪਾਇਆ ਸੀ। ਜਿਸ ਮੇਲੇ ਵਿੱਚ ਇਹੋ ਜਿਹੇ ਪਿਛਾਂਹ ਖਿੱਚੂ ਲੋਕਾਂ ਦੀ ਭਰਮਾਰ ਹੋਵੇ, ਉਥੇ ਵਿਚਾਰੇ ਚੱਕੀਰਾਹੇ ਦੀ ਕੌਣ ਸੁਣਦੈ!

...ਤੇ ਫਿਰ ਸਾਡੇ ਵਾਲਾ ਯੁੱਗ ਆ ਗਿਆ। ਲੋਕਾਂ ਦੀ ਸੋਚ ਬਦਲ ਗਈ। ਉਨ੍ਹਾਂ ਨੂੰ ਸਮਝ ਆਉਣ ਲੱਗ ਪਈ ਕਿ ਕੁੜੀਆਂ ਦੀ ਪੜ੍ਹਾਈ ਤਾਂ ਮੁੰਡਿਆਂ ਤੋਂ ਵੀ ਵੱਧ ਜ਼ਰੂਰੀ ਹੈ। ਜਦੋਂ ਮੈਂ ਨਿੱਕੀ ਜਿਹੀ ਸਕੂਲ ਜਾਣ ਲੱਗ ਪਈ ਤਾਂ ਮੇਰੀ ਮਾਂ ਮੈਨੂੰ ਪੜ੍ਹਦੀ ਲਿਖਦੀ ਨੂੰ ਨੀਝ ਲਾ ਕੇ ਤੱਕਦੀ ਰਹਿੰਦੀ। ਕਦੇ-ਕਦੇ ਆਪਣੇ ਅਨਪੜ੍ਹ ਰਹਿ ਜਾਣ ਕਾਰਨ ਠੰਢਾ ਹਉਕਾ ਵੀ ਭਰਦੀ। ਉਸ ਦੀ ਰੀਝ ਸੀ ਕਿ ਧੀ ਇੰਨੀਆਂ ਜਮਾਤਾਂ ਪੜ੍ਹ ਜਾਵੇ ਕਿ ਮਾਂ ਤੋਂ ਅਨਪੜ੍ਹ ਹੋਣ ਦਾ ਧੱਬਾ ਲੱਥ ਜਾਵੇ। ਉਹ ਬੱਚਿਆਂ ਵਾਂਗ ਦੋਵੇਂ ਬਾਹਾਂ ਫੈਲਾ ਕੇ ਕਹਿੰਦੀ, "ਤੂੰ ਐਨੀਆਂ ਜਮਾਤਾਂ ਪੜ੍ਹੇਂ ਕਿ ਮੇਰੇ ਹਿੱਸੇ ਦੀ ਪੜ੍ਹਾਈ ਵੀ ਤੇਰੇ ਖਾਤੇ ਵਿੱਚ ਜਮ੍ਹਾਂ ਹੋ ਜਾਵੇ।" ਹੁਣ ਤਾਂ ਉਸ ਨੂੰ ਇਸ ਸੰਸਾਰ ਤੋਂ ਗਿਆਂ ਕਈ ਸਾਲ ਹੋ ਗਏ ਪਰ ਮੈਨੂੰ ਅਜੇ ਵੀ ਸੱਚ ਨਹੀਂ ਆਉਂਦਾ ਕਿ ਮਾਂ ਸੱਚਮੁੱਚ ਅਨਪੜ੍ਹ ਸੀ? ਉਹ ਅਸਲ ਵਿੱਚ ਜੀਵਨ ਗਿਆਨ ਨਾਲ ਭਰੀ ਭਕੁੰਨੀ ਔਰਤ ਸੀ। ਨਾ ਤਾਂ ਉਸ ਦੀ ਬੋਲੀ ਅਨਪੜ੍ਹਾਂ ਵਾਲੀ ਸੀ ਅਤੇ ਨਾ ਹੀ ਉਸ ਦੇ ਵਿਚਾਰ ਗਿਆਨ ਵਿਹੂਣੇ ਲੋਕਾਂ ਵਰਗੇ ਸਨ। ਨਿਮਰਤਾ ਉਸ ਦਾ ਗਹਿਣਾ ਸੀ। ਹਲੀਮੀ ਉਸ ਦਾ ਸ਼ਿੰਗਾਰ ਸੀ। ਆਲਸ ਉਸ ਨੇ ਕਦੇ ਨੇੜੇ ਨਹੀਂ ਸੀ ਢੁੱਕਣ ਦਿੱਤਾ। ਇਕ ਮਿੰਟ ਲਈ ਵੀ ਉਹ ਵਿਹਲੀ ਨਾ ਬੈਠਦੀ। ਕੰਮ ਧੰਦੇ ਵਿੱਚ ਰੁੱਝੀ ਰਹਿਣ ਦੇ ਬਾਵਜੂਦ ਉਸ ਦੇ ਪਹਿਨੇ ਹੋਏ ਕੱਪੜੇ ਕਾਲਜੀਏਟ ਕੁੜੀਆਂ ਵਾਂਗ ਸਾਫ਼ ਸੁਥਰੇ ਹੁੰਦੇ। ਆਚਾਰ ਵਿਹਾਰ, ਬੋਲ ਬਾਣੀ, ਘਰੇਲੂ ਕੰਮਾਂ ਵਿੱਚ ਉਸ ਦਾ ਰਕਾਨਪੁਣਾ ਤੇ ਹਰ ਕੰਮ ਵਿਚ ਦੀ ਵਿਉਂਤਬੰਦੀ ਯਾਦ ਕਰਦੀ ਹਾਂ ਤਾਂ ਲੱਗਦਾ ਹੈ ਕਿ ਉਹ ਨਾਯਾਬ ਗੁਣਵੰਤੀ ਤਾਂ ਪੜ੍ਹੀਆਂ ਲਿਖੀਆਂ ਨੂੰ ਵੀ ਮਾਤ ਪਾਉਂਦੀ ਸੀ। ਮੈਂ ਸੋਲਾਂ ਜਮਾਤਾਂ ਪਾਸ ਕਰ ਕੇ ਵੀ ਇਹ ਮਹਿਸੂਸ ਕਰਦੀ ਹਾਂ ਕਿ ਮਾਂ ਦੇ ਮੁਕਾਬਲੇ ਮੈਂ ਕੁਝ ਵੀ ਨਹੀਂ।

ਦੀਵਾਲੀ ਦੁਸਹਿਰੇ ਵਰਗੇ ਤਿਉਹਾਰਾਂ ਦਾ ਉਹਨੂੰ ਵਿਆਹ ਜਿੰਨਾ ਚਾਅ ਹੁੰਦਾ। ਉਨ੍ਹੀਂ ਦਿਨੀਂ ਸਾਰੇ ਲੋਕਾਂ ਦੇ ਘਰ ਤਕਰੀਬਨ ਕੱਚੇ ਹੁੰਦੇ ਸਨ। ਤਿਉਹਾਰਾਂ ਤੋਂ ਮਹੀਨਾ-ਮਹੀਨਾ ਪਹਿਲਾਂ ਹੀ ਉਹਨੇ ਘਰ ਲਿੱਪਣ ਪੋਚਣ ਲੱਗ ਜਾਣਾ, ਇਕੱਲੀ-ਇਕੱਲੀ ਚੀਜ਼ ਝਾੜ ਪੂੰਝ ਕੇ ਥਾਂ ਸਿਰ ਟਿਕਾਉਣੀ ਉਸ ਦੀਆਂ ਬਿਹਤਰੀਨ ਆਦਤਾਂ ਵਿਚੋਂ ਇਕ ਸੀ। ਆਂਢ-ਗੁਆਂਢ ਦੀਆਂ ਤ੍ਰੀਮਤਾਂ ਸਾਡੇ ਘਰ ਬਣੇ ਚੁੱਲ੍ਹੇ ਚੌਂਤਰੇ ਦੇਖ ਕੇ ਉਸ ਦੀ ਰੀਸ ਕਰਨ ਦੀ ਬਥੇਰੀ ਕੋਸ਼ਿਸ਼ ਕਰਦੀਆਂ ਪਰ ਉਹਦੇ ਵਰਗੀ ਕਲਾਕਾਰੀ ਨਾਲ ਬਣਾਏ ਆਲ਼ੇ, ਚੱਕਵੇਂ ਚੁੱਲ੍ਹੇ ਤੇ ਹਾਰੇ ਡੌਲਣਾ ਤੇ ਸ਼ਿੰਗਾਰਨਾ ਉਨ੍ਹਾਂ ਦੇ ਵੱਸੋਂ ਬਾਹਰੀ ਗੱਲ ਸੀ। ਦੀਵਾਲੀ ਵਾਲੇ ਦਿਨ ਪੀਲੀ ਤੋਈ ਦੇ ਕੇ ਲਿੱਪੇ ਬਨੇਰਿਆਂ 'ਤੇ ਦੀਵੇ ਰੱਖਣ ਤੋਂ ਪਹਿਲਾਂ ਹੀ



ਉਸ ਦੇ ਰੀਝਾਂ ਨਾਲ ਸ਼ਿੰਗਾਰੇ ਹੋਏ ਆਲ਼ਿਆਂ ਵਿਚ ਮਾਂਜ ਸੰਵਾਰ ਕੇ ਸਜਾਏ ਪਿੱਤਲ ਤੇ ਕਾਂਸੀ ਦੇ ਭਾਂਡਿਆਂ ਨਾਲ ਘਰ ਜਗ-ਮਗ ਕਰ ਉਠਦਾ। ਅਸੀਂ ਸ਼ਹਿਰੋਂ ਬਾਹਰ ਪਿੰਡ ਵਰਗੇ ਖੇਤਰ ਵਿੱਚ ਰਹਿੰਦੇ ਸਾਂ। ਪਿੰਡ ਰਹਿੰਦੇ ਸਾਡੇ ਨਾਨਕੇ ਜਦੋਂ ਦੀਵਾਲੀ ਵਾਸਤੇ ਸਾਮਾਨ ਖਰੀਦਣ ਸ਼ਹਿਰ ਆਉਂਦੇ ਤਾਂ ਪਿੰਡ ਨੂੰ ਮੁੜਨ ਮੌਕੇ ਮੇਰੀ ਹਟੜੀ ਵਿਚ ਪਾਉਣ ਲਈ ਪੈਸੇ ਤੇ ਮੇਰੀ ਮਾਂ ਨੂੰ ਦੀਵਾਲੀ ਦੀ ਮਿਠਿਆਈ ਦੇਣ ਵਾਸਤੇ ਉਹ ਸਾਡੇ ਘਰ ਜ਼ਰੂਰ ਗੇੜਾ ਮਾਰਦੇ ਤੇ ਅਕਸਰ ਹੀ ਇਹ ਕਹਿੰਦੇ ਸੁਣਦੇ, "ਸ਼ਹਿਰ ਦੀ ਸਜਾਵਟ ਏਦੂੰ ਵਧ ਕੇ ਕੀ ਹੋਊਗੀ, ਤੁਸੀਂ ਪਹਿਲਾਂ ਭੂਆ ਜੀ ਦਾ ਸਜਾਇਆ ਹੋਇਆ ਘਰ ਈ ਦੇਖ ਲੋ, ਦੀਵਾਲੀ ਤਾਂ ਇਥੇ ਈ ਬਣੀ ਪਈ ਐ। ਜਿਹੋ ਜਿਹਾ ਭੂਆ ਜੀ ਦਾ ਘਰ ਦੇਖ ਲਿਆ, ਉਹੋ ਜਿਹੀ ਬਾਜ਼ਾਰ ਦੀ ਸਜਾਵਟ ਦੇਖ ਲੀ।"

ਮੇਰੇ ਨਾਨਾ ਜੀ ਨਾਲ ਸਾਡੇ ਘਰ ਆਏ ਉਨ੍ਹਾਂ ਦੇ ਦੋਸਤ ਕਿੰਨਾ-ਕਿੰਨਾ ਚਿਰ ਸਾਡੇ ਘਰ ਵੱਲੀਂ ਹੀ ਦੇਖੀ ਜਾਂਦੇ ਤੇ ਫਿਰ ਨਾਨਾ ਜੀ ਨਾਲ ਅਕਸਰ ਗੱਲਾਂ ਕਰਦੇ, "ਪਾਲਾ ਸਿਆਂ! ਘਰ ਤਾਂ ਆਪਣੀ ਬੀਬੀ ਦਾ ਸ਼ਹਿਰੀ ਘਰਾਂ ਵਾਂਗੂ ਭਾਵੇਂ ਛੋਟਾ ਈ ਐ ਪਰ ਤੂੰ ਸਾਮਾਨ ਦੇਖ ਸਹੁਰੀ ਨੇ ਕਿਵੇਂ ਜੁਗਤ ਨਾਲ ਟਿਕਾ ਕੇ ਰੱਖਿਐ, ਮਜਾਲ ਆ ਕਿਸੇ ਪਾਸੇ ਕੋਈ ਖਲਾਰਾ ਦਿਸਦਾ ਹੋਵੇ। ਨਾਲੇ ਨਿਆਣਿਆਂ ਵਾਲਾ ਘਰ ਐ। ਜੇ ਤੂੰ ਇਹਨੂੰ ਚਾਰ ਅੱਖਰ ਵੀ ਪੜ੍ਹਾ ਦਿੰਦਾ, ਫਿਰ ਤਾਂ ਜਮਾਂ ਈ ਬੱਲੇ-ਬੱਲੇ ਹੋ ਜਾਣੀ ਸੀ।"

ਸਵੇਰੇ ਸਾਝਰੇ ਉੱਠਣਾ, ਹਰ ਕੰਮ ਵਕਤ ਸਿਰ ਕਰਨਾ, ਸੰਜਮ ਨਾਲ ਖਾਣਾ, ਸੋਚ ਸਮਝ ਕੇ ਮੌਕੇ ਅਨੁਸਾਰ ਘੱਟ ਤੇ ਮਿੱਠਾ ਬੋਲਣਾ ਉਸ ਦਾ ਸੁਭਾਅ ਸੀ। ਆਪਣੇ ਗਰਮ ਸੁਭਾਅ ਕਾਰਨ ਜੇ ਪਿਤਾ ਜੀ ਦਾ ਗੁੱਸਾ ਕਿਸੇ ਸਮੇਂ ਬੇਕਾਬੂ ਵੀ ਹੋ ਜਾਣਾ ਤਾਂ ਵੀ ਉਹ ਸ਼ਾਂਤ ਰਹਿੰਦੀ। ਵੱਡਿਆਂ ਦੀ ਇੱਜ਼ਤ, ਛੋਟਿਆਂ ਨਾਲ ਪਿਆਰ, ਸੁੱਖ ਵਿਚ ਪਰਮਾਤਮਾ ਦਾ ਸ਼ੁਕਰਾਨਾ ਤੇ ਦੁੱਖ ਵਿਚ ਭਾਣੇ ਵਿੱਚ ਰਹਿਣਾ ਉਹਦੇ ਸੁਭਾਅ ਦੇ ਵਡਮੁੱਲੇ ਗੁਣ ਸਨ। ਦੇਸ਼ ਦੀ ਵਧਦੀ ਆਬਾਦੀ ਨੂੰ ਉਹ ਸਾਰੀਆਂ ਅਲਾਮਤਾਂ ਦੀ ਜੜ੍ਹ ਸਮਝਦੀ ਤੇ ਸਮੇਂ ਸਿਰ ਇਸ 'ਤੇ ਕਾਬੂ ਨਾ ਪਾ ਸਕਣ ਕਾਰਨ ਸਮੇਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੀ। ਉਨ੍ਹਾਂ ਲੋਕਾਂ ਦੇ ਵੀ ਉਹ ਸਖ਼ਤ ਖ਼ਿਲਾਫ਼ ਸੀ ਜਿਹੜੇ ਮੁੰਡੇ ਕੁੜੀ ਵਿੱਚ ਫ਼ਰਕ ਸਮਝਦੇ ਹੋਏ ਭਰੂਣ ਹੱਤਿਆ ਦੇ ਭਾਗੀਦਾਰ ਬਣਦੇ। ਉਹ ਕਿਹਾ ਕਰਦੀ ਸੀ ਕਿ ਨਾਰੀ ਸ਼ਕਤੀ ਹੀ ਅਸਲ ਵਿੱਚ ਦੇਸ਼ ਦੀ ਤਾਕਤ ਹੁੰਦੀ ਹੈ। ਦੇਸ਼ ਦੀਆਂ ਔਰਤਾਂ ਪੜ੍ਹੀਆਂ ਲਿਖੀਆਂ ਤੇ ਘਰ ਪਰਿਵਾਰ ਨੂੰ ਪੂਰੀ ਤਨਦੇਹੀ ਨਾਲ ਚਲਾਉਣ ਵਾਲੀਆਂ ਨਿਪੁੰਨ ਗ੍ਰਹਿਣੀਆਂ ਹੋਣੀਆਂ ਚਾਹੀਦੀਆਂ ਹਨ। ਆਦਮੀ ਭਾਵੇਂ ਬਹੁਤੇ ਸੂਝਵਾਨ ਨਾ ਵੀ ਹੋਣ, ਸਰ ਜਾਂਦਾ ਹੈ ਪਰ ਔਰਤਾਂ ਦਾ ਸੁਸਤ, ਅਨਪੜ੍ਹ ਤੇ ਪਿਛਾਂਹਖਿੱਚੂ ਹੋਣਾ ਖਤਰਨਾਕ ਹੈ। ਪੜ੍ਹੀਆਂ ਲਿਖੀਆਂ ਤੇ ਸੂਝਵਾਨ ਮਾਵਾਂ ਹੀ ਬੱਚਿਆਂ ਨੂੰ ਵਧੀਆ ਨਾਗਰਿਕ ਬਣਾ ਸਕਦੀਆਂ ਹਨ; ਇਸਤਰੀ ਵਿਦਿਆ ਵੱਲ ਖਾਸ ਧਿਆਨ ਦੇਣਾ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਮੈਂ ਤਾਂ ਇਹ ਸੋਚ ਕੇ ਹੀ ਮਾਣ ਨਾਲ ਭਰ ਜਾਂਦੀ ਹਾਂ ਕਿ ਮੈਂ ਉਸ ਕਰਮਾਂ ਵਾਲੀ ਦੀ ਧੀ ਹਾਂ ਪਰ ਇਮਾਨਦਾਰੀ ਨਾਲ ਦੱਸ ਰਹੀ ਹਾਂ, ਵਧੀਆ ਜੀਵਨ ਜਾਚ ਦੇ ਗੁਣਾਂ 'ਚ ਮੈਂ ਉਸ ਤੋਂ ਕਿਤੇ ਪਿੱਛੇ ਰਹਿ ਗਈ ਹਾਂ। ਕਾਸ਼! ਮੇਰੀ ਮਾਂ ਅਨੁਸਾਰ ਅੱਖਰ ਗਿਆਨ ਦੇ ਨਾਲ-ਨਾਲ ਜੀਵਨ ਗਿਆਨ ਵੀ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਜਾਵੇ ਤਾਂ ਕਿ ਆਉਣ ਵਾਲੀਆਂ ਨਸਲਾਂ ਵਧੀਆ ਤੇ ਸਲੀਕੇਦਾਰ ਹੋਣ ਤੇ ਅਸੀਂ ਭਾਰਤ ਵਾਸੀ ਆਪਣੇ ਸੂਝਵਾਨ ਤੇ ਸੁਹਿਰਦ ਨਾਗਰਿਕਾਂ 'ਤੇ ਮਾਣ ਕਰ ਸਕੀਏ।

-0-

गुरू गद्दी दिवस पर विशेष

# गुरू हरिराय साहिब जी

-गुरमत विरसा ब्यूरो

गुरू हरि राय साहिब जी का प्रकाश कीरतपुर साहिब में 31 जनवरी 1630 को बाबा गुरदित्ता जी के घर हुआ। गुरू जी की माता जी का नाम निहाल कौर जी था। बाबा गुरदित्ता जी गुरू हरिगोबिन्द साहिब जी के सब से बड़े साहिबजादे थे। कीरतपुर नगर गुरू हरि गोबिन्द जी के हुक्म से मई 1624 में बाबा श्री चन्द जी ने नींव रखी थी और बाबा गुरदित्ता जी ने इसे बसाया था। इसी जगह पर गुरू नानक साहिब जी के बरोसाये सिक्ख साई बाबा बुढ़ण शाह जी रहते थे। गुरू हरि राय जी का आनन्द कारज माता कृष्ण कौर जी (सुलखनी जी) के साथ संन् 1640 में हुआ। जिनसे दो साहिबजादे राम राय जी और (गुरू) हरिकृष्ण साहिब जी और एक पुत्री बीबी अनूप कौर जी हुए। गुरू हरिगोबिन्द साहिब 14 मार्च 1644 को गुरआई की बखशिश और सिक्ख कौम की अगुवाई की जिम्मेवारी गुरू हरिराय जी को सौंप कर 19 मार्च 1644 को ज्योति–जोत समा गये।

संन् 1646 में पंजाब में अकाल पड़ गया तीन साल बड़ी औढ़ (सूखा) लगी रही। लोग रोटी के एक एक टुकडे के लिए तरसने लगे। मनुष्य मनुष्य को लूट कर खाने लगे। जिस दसवंध ने गुरू अर्जन साहिब और गुरू हरिगोबिन्द जी के समय गरीबों को सहारा दिया था वही दसवंध अब भी अकाल पीड़ितों की सहायता के लिए प्रयोग किया गया। पांचवे और छठे पातशाह जी की तरह भी गुरू हरिरास साहिब जी ने अकाल के समय भी मेहनत करने का जज़बा भरने के लिए और पानी की समस्या को दूर करने के लिए कूंऐं भी खुदवाये सिक्खों की गिनती भी बढ़ चुकी थी। दूसरे प्रांतों से सुखी बसते सिक्खों ने अकाल पीड़ितों कि लिए दिल खोलकर माया (राशि) दी। इस उद्यम (यत्न) का सबसे गहरा असर दारा शिकोह पर पड़ा जो पंजाब का गवर्नर था। दारा शिकोह के अन्दर गुरू घर का स्तकार (आदर) बहुत बढ़ गया। अवसर मिलने पर दारा शिकोह, गुरू हरि राय साहिब जी को मिलता भी रहा। उसने एक बार गुरू के लंगर के लिए जागीर देने के पेशकश की, पर सतिगुरू जी ने यह कह कर इन्कार कर दिया कि यह लंगर सिक्खों के प्यार और कुर्बानी द्वारा ही चलता है।

जब शाहजहान ने हुक्म दिया कि सब नये बने मन्दिर गिरा दिये जायें और पुराने मन्दिरों की मुरंम्त भी न होने दी जाए तो हिन्दू जनता डर गई। चाहे यह हुक्म सिक्खों के धर्म अस्थानों पर लागु नहीं था क्योंकि सिक्ख मूर्ति पूजा नहीं करते थे, पर गुरू हरि राय साहिब जी के सामने तो सिक्खी का यह असूल था कि किसी से डरो न और न ही किसी को डराओ। इस लिए आपने डरे हुए हिन्दुओं को सहारा देने कि लिए कीरतपुर साहिब के आस–पास के इलाके में प्रचार किया। इस उपरान्त गुरू जी ने एक बड़ा प्रचार दौरा माझे, दुआबे और मालवे की तरफ किया।

गुरू अर्जन साहिब ने तरनतारन में एक बड़ा दवाखाना खोला जहां रोगियों के रोग दूर होते थे। बेसहारों को सहारा मिलता था। गुरू हरिगोबिन्द साहिब के समय भी यह दवाखाना चलता रहा। गुरू हरिराय जी ने इसका और विस्तार किया। इसमें बहुत कीमती दुर्लभ दवाईयां मंगवा कर रखी। हर रोगी को हर समय मुफत दवाई और खुराक मिलती थी। एक बार दारा शिकोह बीमार पड़ गया। बीमारी भी खतरनाक बन गई। हकीमों ने खास किसम के वनज के लौंग, हरीड़ां और गजमोती दवाईयों की तजवीज़ की। यह चीजें आपके दवाखाने से बिना और कही से भी न मिली। दारा शिकोह ठीक हो गया। उसने कीरतपुर साहिब पहुँच कर गुरू जी का धन्यवाद किया और नजराने भेंट किये।

